ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ ਅਵਰੁ ਨ ਕੋਇ॥

# ਗੁਰਪ੍ਰਸਾਦਿ ਮਹਾਂ ਵਿਸਮਾਦ ਗਾਥਾ ਅਰਥ ਸਟੀਕ ਜੀ।



ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ, ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖੵ ਹਰਿ॥ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ

DOWNLOAD **LEARN SHUDH GURBANI** APP
@gursevaksevadar | www.gursevak.com | hello@gursevak.com



**ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਜੇਠ ਦੀ ਅਤੀ ਹੀ ਸਖ਼ਤ ਗਰਮੀ 'ਚ, ਉੱਬਲ਼ਦੀ ਦੇਗ਼ ਅੰਦਰ ਬਿਠਾ ਰਹੇ ਹਨ। ਹੁਣ ਜ਼ਾਲਮ ਤੱਤਾ ਤੱਤਾ ਰੇਤਾ ਆਪ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ 'ਤੇ ਪਾ ਰਹੇ ਹਨ। ਹੁਣ ਜ਼ਾਲਮ ਆਪ ਜੀ ਨੂੰ ਸੜ੍ਹਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ'ਚ ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦੇ ਹੋਏ, **ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥** ਅੰਮ੍ਰਿਤ ਗੁਰਬਾਣੀ ਜਪ ਜਪਾ ਰਹੇ ਹਨ।



**ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ; ਪਰੁ.ਸਿਰਰੁ ਨ ਦੀਆ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਪਿਆਰੇ ਵਾਹਿਗੁਰੂ ਸਾਹਿਬ ਜੀ ਹਨ! ਜ਼ਾਲਮ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਕੇ, ਹੁਣ ਆਪ ਜੀ ਨੂੰ ਲੋਹੇ ਦੇ ਤੰਗ ਪਿੰਜਰੇ 'ਚ ਗੋਲ ਦਾਇਰੇ ਤਿੱਖੇ ਤੀਰਾਂ ਵਿਚਕਾਰ ਬਿਠਾ ਰਹੇ ਹਨ। ਆਪ ਜੀ ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਵਾਹਿਗੁਰੂ ਵਾਹਿਗੁਰੂ ਜਪ ਜਪਾ ਰਹੇ ਹਨ। ਹੁਣ ਵੈਗਾਰਮਈ ਭੋਗ ਦੇ ਸਲੋਕ ਉਚਾਰ ਰਹੇ ਹਨ। ਹੁਣ ਧਰਮ ਦੇ ਪ੍ਰਕਾਸ਼, ਜ਼ੁਲਮ ਦੇ ਨਾਸ ਲਈ ਆਪਣੇ ਸੁੰਦਰ ਸੀਸ ਸਾਹਿਬ ਜੀ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸ਼ਹੀਦ ਹੋਏ ਸ੍ਰੀ ਸੀਸ ਸਾਹਿਬ ਜੀ ਹੁਣ ਦਾਸਨਦਾਸੀ ਦੇ ਸਿਰ 'ਤੇ ਸਜ ਰਹੇ ਹਨ।



ਧੰਨ ਵਾਹਿਗੁਰੂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਪਿਆਰੇ ਸੱਚੇ **ਬਹੁ ਬੇਅੰਤ; ਊਚ ਤੇ ਊਚਾ॥** ਸੱਚੇ ਕੰਤ ਸੱਚੇ ਭਗਵੰਤ ਪੂਰਨ ਗੁਰਦੇਵ ਦੀਨ ਦਇਆਲ ਸਦਾ ਕ੍ਰਿਪਾ, ਸਦ ਮੇਹਰਵਾਨ, ਸੱਚੇ ਗੁਰਬਾਣੀ ਨਾਮ ਦੇ ਸੱਚੇ ਦਾਤੇ ਵਾਹਿਗੁਰੂ ਸਾਹਿਬ ਜੀ ਹਨ! ਹੁਣ ਧਰਮ ਦੇ ਪ੍ਰਕਾਸ, ਜ਼ੁਲਮ ਦੇ ਨਾਸ ਲਈ, ਅਪਣੀ ਆਪ ਦੀ ਕੁਰਬਾਨੀ, **ਗੁਰਦੇਵ ਮਾਤਾ. ਗੁਰਦੇਵ ਪਿਤਾ;** ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ, ਪਰਮਪੂਜਨੀਕ ਗੁਰਮੁਖਿ ਮਾਤਾ ਗੂਜਰੀ ਕੌਰ ਜੀ, ਚਾਰੇ ਸ਼ਾਹਿਬਜ਼ਾਦੇ, ਸਿੰਘ ਸਿੰਘਣੀਆਂ, ਫ਼ੌਜਾਂ, ਖ਼ਜ਼ਾਨੇ ਸਭ ਕੁੱਝ ਕੁਰਬਾਨ ਕਰ ਰਹੇ ਹਨ। ਹੁਣ ਮਾਛੀਵਾੜੇ ਜੰਗਲ 'ਚ ਗੁਰਮੁਖਿ ਨਿਰਲੇਪ ਮਹਾਂ ਵਿਸਮਾਦ ਅਵਸਾਦ 'ਚ ਟਿੰਡ ਦਾ ਸਿਰਾਣਾ ਲਾ ਕੇ ਹੁਣ ਜਪ ਰਹੇ ਹਨ:- **ਖਿਆਲ ਪਾਤਿਸਾਹੀ ੧੦॥ ਮਿਤ੍ਰ ਪਿਆਰੇ ਨੂੰ; ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ. ਰੋਗੁ ਰਜਾਈਆ ਦਾ ਓਢਣ; ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗ ਕਸਾਈਆ ਦਾ ਸਹਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ; ਭੱਠ ਖੇੜਿਆ ਦਾ ਰਹਣਾ॥੧॥੬॥**


ਲੇਖਕ ਪ੍ਰਕਾਸ਼ਕ:- ਬ੍ਰਹਮਵਿੱਦਿਆ ਦੇ ਦਾਤੇ, ਪੰਥ ਰਤਨ, **ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥** ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨਕਮਲਾਂ ਦੇ, **ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ. ਸਾਧ ਜਨਾ ਕਾ ਕੀੜਾ॥** ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ (ਮੋਗਾ), ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਹੋਵੋ ਜੀ:
੧.ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਬਮ ਸੰਸਕਾਰ।
੨.ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ, ਸ੍ਰੀ ਦਮਦਮੀ ਟਕਸਾਲ।
੩.ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਣ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।
੪.ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ।
੫.ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਦੇ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸਾਂ, ਗੁਰਪੁਰਬਾਂ ਦੀਆਂ ਅਰਦਾਸਾਂ।
੬.ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ, ਸ਼੍ਰੀ ਦਮਦਮੀ ਟਕਸਾਲ।
੭.ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮ-ਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ।
੮.ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।
੯.ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।
੧੦.ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼ ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!
੧੧.ਪਰਮਪੂਜਨੀਕ ਦਸੇ ਪਾਤਿਸਾਹ ਮਿਹਰਵਾਨ ਭਗਵਾਨ ਬਖ਼ਸ਼ਦੇ ਹਨ ਚੰਗੇ ਇਖ਼ਲਾਕ ਦਾ ਦਾਨ।
ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਭੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ।ਇਨ੍ਹਾਂ ਨੂੰ (gursevak.com) ਤੋਂ ਪ੍ਰਾਪਤ ਕਰੋ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ਮਗਰ ਬੋਲਣਾ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ ਅੁਦਿੱ ਫਲਓਇਰ ਪ੍ਰਾਪਤੀ ਲਈ: ੩੦੬-੫੮੦-੭੭੩੦ ਸੰਪਰਕ ਕਰੋ। ਗੁਰੂ ਸੇਵਾ ਲਈ ਭੇਟਾ ਕਰਨ ਤੇ ਤੁਹਾਨੂੰ 'CANADIAN TAX RECEIPT' ਦਿੱਤੀ ਜਾਵੇ-ਗੀ।

ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ www.Gursevak.com/content/donate ਤੇ ਜਾ ਕੇ ਭੇਟਾ ਦੇਵੋ। ਦਾਸਨਦਾਸਾਂ ਦੀ ਸੇਵਾ ਸੰਸਥਾ DEAR FATHER BRAVE GURU GOD'S SLAVE SOCIETY. ਹੁਣ CANADA REVENUE AGENCY ਨਾਲ #84017-9444-RR0001 ਹੇਠਾਂ REGISTERED CHARITY ਹੈ।

## Download the app "LEARN SHUDH GURBANI" on Apple & Android




Available on the App Store

GET IT ON Google Play

## Download all the Pothi Sahibs at GURSEVAK.COM



@gursevaksevadar

## ਮਹਲਾ ੫ ਗਾਥਾ ੴ ਸਤਿਗੁਰ ਪ੍ਰਸਾਦਿ॥

ਅਨੰਤ ਬ੍ਰਹਮੰਡ, ਪੂਰਨ ਬ੍ਰਹਮਗਿਆਨੀਆਂ ਨੂੰ ਪੈਦਾ ਕਰਨ ਵਾਲੇ, ਵਾਹਿਗੁਰੂ ਨਿਰੰਕਾਰ ਸਰੂਪ, ਪਰਮਪੂਜਨੀਕ, ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ. ਕਲ ਰਾਖੀ ਮੇਰੀ॥ ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (੫) ਪੰਜਵੇਂ (ਮਹਲਾ) ਸਰੂਪ, ਪਰਮਪੂਜਨੀਕ ਸਤਿਗੁਰੂ ਅਰਜਨਦੇਵ ਸਾਹਿਬ ਜੀ, ਗੁਰਮੁਖਿ ਹਰੀ ਲਾਲ ਜੀ ਅਤੇ ਕ੍ਰਿਸ਼ਨ ਲਾਲ ਜੀ ਪਰਥਾਇ, ਹੁਣ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਸਰੂਪ 'ਚ, ਦੇਹ ਅਭਿਮਾਨ ਮੇਟਣ ਦੀ ਅਤੇ ਸਾਧੂਆਂ ਦੀ ਸੰਗਤ ਦੀ ਮਹਾਨ ਮਹਾਨਤਾ ਦੀ ਵਿਸਮਾਦ (ਗਾਥਾ) ਕਥਾ ਉਚਾਰਨ ਕਰਦੇ ਹਨ। ਜਿਸ ਨੂੰ ਵਿਚਾਰਨ ਨਾਲ ਰਿਦੇ 'ਚ ਨਿਰਗੁਨ ਸਰਗੁਨ ਦੀ ਏਕਤਾ ਦਾ ਗਿਆਨ ਹੋ ਜਾਣ ਤੋਂ, ਨਿਰਗੁਨ ਬ੍ਰਹਮ ਜੀ ਪ੍ਰਾਪਤ ਹੋ ਜਾਂਦੇ ਹਨ ਜੀ ਰਾਮ ਜੀ!

(ੴ) ਓਅੰਕਾਰ ਭਾਵ ਸਾਰਿਆਂ ਦੇ ਇੰਦ੍ਰੀਆਂ, ਮਨਾਂ, ਸ੍ਰੀਰਾਂ ਦੇ ਪ੍ਰਕਾਸ਼ਕ (੧) ਇੱਕ ਦ੍ਵੈਤ ਰਹਿਤ ੴ ਵਾਹਿਗੁਰੂ ਜੀ ਹਨ। (ਸਤਿਗੁਰ) ਧੰਨ ਸਤਿਗੁਰੂ ਨਾਨਕਦੇਵ ਸਾਹਿਬ ਜੀ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ, (ਪ੍ਰਸਾਦਿ) ਅਨੰਦ ਹੀ ਅਨੰਦ ਸਰੂਪ ਹਨ। ਹੇ ਪਰਮਪੂਜਨੀਕ (ੴ) ਇੱਕ ਪ੍ਰਕਾਸ਼ ਸਰੂਪ, ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਨਿਰਗੁਨ ਵਾਹਿਗੁਰੂ ਨਿਰੰਕਾਰ ਜੀ ਦੇ ਸਰਗੁਨ ਸਰੂਪ, ਸਤਿਗੁਰੂ ਮਹੱਲਾ ਪੰਜਵਾਂ ਪੂਰਨ ਬ੍ਰਹਮ ਜੀ! ਜ਼ਾਲਮ ਘੋਰ ਜ਼ੁਲਮ ਕਰਕੇ, ਆਪ ਜੀ ਨੂੰ ਉੱਬਲਦੀ ਦੇਗ਼ 'ਚ ਬੈਠਾ ਰਹੇ ਹਨ। ਆਪ ਜੀ ਨੂੰ (ਪ੍ਰਸਾਦਿ) ਕ੍ਰਿਪਾ ਹੀ ਕ੍ਰਿਪਾ ਭਾਵ ਸ੍ਰਬ ਵਿਆਪੀ ਮਹਾਂ ਵਿਸਮਾਦ ਅਗਮ ਅਪਾਰ ਕ੍ਰਿਪਾ ਸਰੂਪ, ੴ ਵਾਹਿਗੁਰੂ ਜੀ, ਅਜਪਾ ਜਾਪ ਕਰਦਿਆਂ ਅੰਦਰ ਬਾਹਰ ਪ੍ਰਗਟ ਸੁੰਦਰ ਗੁਰਮੁਖਿ ਦਰਸਨ ਬਖ਼ਸ਼ ਰਹੇ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥

ਅਰਥ ਕਰਨ ਲੱਗਿਆਂ ਇਸ ਪੰਗਤੀ ਤੋਂ ਆਰੰਭ ਕਰੋ ਜੀ:-

ਗਾਥਾ ਗੂੜ ਅਪਾਰੰ; ਸਮਝਣੰ ਬਿਰਲਾ ਜਨਹ॥

ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਦੇ ਕੀਰਤਨ ਕਰਨ ਦੀ, ਗੁਰਬਾਣੀ ਉਚਾਰਨ ਦੀ, ਪਰਉਪਕਾਰ ਕਰਨ ਦੀ, ਪੰਜਾਂ ਵਿਕਾਰਾਂ ਦੇ ਤਿਆਗ ਦੀ, ਚੋਰਾਂ ਡਾਕੂਆਂ ਨੀਚ ਕਰਮ ਕਰਨ ਵਾਲਿਆਂ ਨੂੰ ਸੰਤ ਬਣੈਣ ਆਦਿ ਬੇਅੰਤ (ਗੂੜ) ਗਹਿਰ ਗੰਭੀਰ (ਅਪਾਰੰ) ਪਾਰਾਵਾਰ ਰਹਿਤ (ਗਾਥਾ) ਕਥਾ ਨੂੰ ਕੋਈ ਬਿਰਲਾ ਗੁਰਮੁਖਿ (ਜਨਹ) ਪਿਆਰਾ, ਗੁਰੂ ਸਾਹਿਬ ਜੀ ਦੀ ਮਹਾਂ ਵਿਸਮਾਦ ਕ੍ਰਿਪਾ ਦੁਆਰਾ

(ਸਮਝਣੰ) ਸਮਝਦਾ ਹੈ। ਯਥਾ:- ਜੋਗੀਸਰ ਪਾਵਹਿ ਨਹੀ; ਤੁਅ ਗੁਣ ਕਥਨੁ ਅਪਾਰ॥ ਪ੍ਰੇਮ ਭਗਤਿ ਕੈ ਕਾਰਣੈ; ਕਹੁ ਰਵਿਦਾਸ ਚਮਾਰ॥) ਸਭ ਤੇ ਊਤਮ; ਹਰਿ ਕੀ ਕਥਾ॥ ਨਾਮੁ ਸੁਨਤ; ਦਰਦ ਦੁਖ ਲਥਾ॥) ਗੁਰ ਕੀ ਮਹਿਮਾ ਅਗਮ ਹੈ; ਕਿਆ ਕਥੈ ਕਥਨਹਾਰੁ॥੩॥

ਵਾਹਿਗੁਰੂ॥ ੧੫੫੪ ਬਿ: ਨੂੰ ਧੰਨ ਗੁਰੂ ਨਾਨਕਦੇਵ ਸਾਹਿਬ ਜੀ, ਸ੍ਰੀ ਸੁਲਤਾਨਪੁਰ ਸਾਹਿਬ ਜੀ ਤੋਂ ਭਾਈ ਮਰਦਾਨੇ ਅਤੇ ਭਾਈ ਬਾਲਾ ਜੀ ਸਮੇਤ ਤੁਰ ਕੇ, ੧੭ ਦਿਨਾਂ 'ਚ ਏਮਨਾਬਾਦ ਜਾ ਕੇ, ਗੁਰਮੁਖਿ ਭਗਤ ਲਾਲੋ ਜੀ ਦੀ ਕੁੱਲੀ ਨੂੰ ਭਾਗ ਲਾਏ ਅਤੇ ਮਲਕ ਭਾਗੋ ਦੇ ਪੂੜਿਆਂ 'ਚੋਂ ਲਹੂ ਅਤੇ ਗੁਰਮੁਖਿ ਭਾਈ ਲਾਲੋ ਜੀ ਦੇ ਕੋਧਰੇ ਦੇ ਬੇਹੇ ਟੁੱਕਰਾਂ 'ਚੋਂ ਦੁੱਧ ਕੱਢਿਆ। ਨਾਮ ਜਪਦਿਆਂ ਧਰਮ-ਕ੍ਰਿਤ ਕਰਨ ਦੀ ਦ੍ਰਿੜ੍ਤਾ ਬਖ਼ਸ਼ੀ। ੧੫੭੮ ਬਿ: 'ਚ ਬਾਬਰ ਨੇ ਏਮਨਾਬਾਦ ਨੂੰ ਸਾੜਿਆ, ਰੋਂਦੇ ਕੁਰਲੈਂਦੇ ਜੀਵ ਕੈਦ ਕਰਕੇ ਚੱਕੀਆਂ ਪੀਹਣ ਲਾਏ, ਪੂਰਨ ਬ੍ਰਹਮ ਧੰਨ ਗੁਰੂ ਨਾਨਕਦੇਵ ਸਾਹਿਬ ਜੀ ਨੇ ਸੈਨਤ ਨਾਲ ਚੱਕੀਆਂ ਚਲਾਈਆਂ, ਸਾਰੇ ਕੈਦੀ ਛੁਡਾਏ, ਬੰਦੀ ਛੋੜ ਦਾਤੇ ਕਹਾਏ। ਧੰਨ ਧੰਨ ਧੰਨ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਨੂੰ ਜ਼ਾਲਮ ਬਾਬਰ ਜਾਬਰ ਨੇ ਜੇਲ ਭੇਜਿਆ, ਸਤਿਗੁਰੂ ਸਾਹਿਬ ਜੀ ਨੇ ਜੇਲ 'ਚ ਅੰਮ੍ਰਿਤ ਕਥਾ ਕੀਰਤਨ ਸੁਣਾ ਕੇ ਚੋਰਾਂ ਡਾਕੂਆਂ ਨੂੰ ਸੰਤ ਬਣਾ ਦਿਤਾ।

ਸੰਸਾਰ ਕਾਮ ਤਜਣੰ; ਨਾਨਕ. ਗੋਬਿੰਦ ਰਮਣੰ ਸਾਧਸੰਗਮਹ॥੧੦॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਅਕਥ ਕਥਾ ਨੂੰ ਸਮਝਣ ਵਾਲੇ, ਤਰ ਤੀਬਰ ਤਰ ਤਮ ਵੈਰਾਗ ਦੀ ਅਵਸਥਾ ਨੂੰ ਪ੍ਰਾਪਤ ਗੁਰਸਿੱਖ ਸਾਰੇ ਸੰਸਾਰ ਦੇ ਮਾਇਕੀ (ਕਾਮ) ਕੰਮ, ਧੰਧੇ (ਕਾਮ) ਵਿਕਾਰ (ਤਜਣੰ) ਤਿਆਗ ਦਿੰਦੇ ਹਨ। (ਸਾਧਸੰਗਮਹ) ਸਾਧਸੰਗਤ ਜੀ 'ਚ ਮਿਲ ਕੇ (ਗੋਬਿੰਦ) ਸ੍ਰੀ ਵਾਹਿਗੁਰੂ ਜੀ ਨੂੰ (ਰਮਣੰ) ਉਚਾਰਦੇ, ਗੌਂਦੇ ਹਨ। ਯਥਾ:- ਇਹੁ ਸੰਸਾਰੁ ਬਿਕਾਰੁ ਸੰਸੇ ਮਹਿ; ਤਰਿਓ ਬ੍ਰਹਮਗਿਆਨੀ॥ ਜਿਸਹਿ ਜਗਾਇ, ਪੀਆਵੈ ਇਹੁ ਰਸੁ; ਅਕਥ ਕਥਾ ਤਿਨਿ ਜਾਨੀ॥੨॥

ਕੇਵਲ ਨਾਮ ਜਪਣ ਜਪੌਣ, ਕਥਾ ਕੀਰਤਨ ਕਰਨ ਕਰੌਣ ਦਾ ਮਹਾਨ ਪਰਉਪਕਾਰ ਕਰਦੇ ਹਨ। ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ, ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਵਾਂਗ ਅੰਮ੍ਰਿਤ ਮਿੱਠੀ ਗੁਰਮੁਖਿ ਕਥਾ, ਅੰਮ੍ਰਿਤ ਮਿੱਠਾ ਗੁਰਮੁਖਿ ਕੀਰਤਨ, ਭਜਨ ਬੰਦਗੀ ਕਰਦੇ ਕਰੌਂਦੇ ਹਨ। ਰਿਦੇ 'ਚੋਂ

ਮੂੰਹ 'ਚ ਅੰਮ੍ਰਿਤ ਪੀਂਦੇ ਪਿਲੌਂਦੇ ਹਨ, ਜੁੱਗ ਜੁੱਗ ਜਿਉਂਦੇ ਹਨ। ਯਥਾ:- ਅੰਮ੍ਰਿਤੁ ਪੀਵੈ; ਅਮਰੁ ਸੋ ਹੋਇ॥) ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥੨॥

ਸਾਖੀ:- ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ; ਸਗਲ ਕੀ ਰੀਨਾ॥ ਪੂਰਨ ਬ੍ਰਹਮ, ਬ੍ਰਹਮਗਿਆਨੀ ਬਾਬਾ ਘਨਈਆ ਸਿੰਘ ਜੀ ਆਪ ਜੀ ਜਰਨੈਲ ਅਮੀਰਸਿੰਘ ਪਾਸ ਉੱਚੇ ਰੁੱਤਬੇ 'ਤੇ ਸਨ। ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੀ ਵੈਰਾਗਮਈ ਵਿਸਮਾਦ ਗੁਰਬਾਣੀ ਅੰਮ੍ਰਿਤ ਵੇਲੇ ਪ੍ਰੇਮੀ ਸਿੱਖ ਤੋਂ ਸੁਣੀ, ਤਾਂ ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥ ਅਨੁਸਾਰ ਮਨ ਨੂੰ ਪੂਰਨ ਵੈਰਾਗ ਹੋ ਗਿਆ। ਸਿਧ ਸਾਧਿਕ ਗਿਰਹੀ ਜੋਗੀ; ਤਜਿ ਗਏ ਘਰ ਬਾਰ॥ ਅਨੁਸਾਰ ਚਾਬੀਆਂ ਗੱਲੇ 'ਤੇ ਰੱਖ ਕੇ, ਜੰਗਲ ਨੂੰ ਚਲੇ ਗਏ, ਭੁੱਖ ਉਂਨੀਦ੍ਰਾ ਸਹਾਰਦਿਆਂ, ਕੋਈ ਜਨੁ; ਹਰਿ ਸਿਉ ਦੇਵੈ ਜੋਰਿ॥ ਚਰਨ ਗਹਉ. ਬਕਉ ਸੁਭ ਰਸਨਾ; ਦੀਜੈ ਪ੍ਰਾਨ ਅਕੋਰਿ॥ ਗੌਂਦੇ ਰਹਿੰਦੇ, ਪੂਰਨ ਵੈਰਾਗ ਦ੍ਰਿੜ ਹੋ ਗਿਆ। ਯਥਾ:- ਹਉ. ਰਹਿ ਨ ਸਕਾ, ਬਿਨੁ ਦੇਖੇ ਪ੍ਰੀਤਮਾ; ਮੈ ਨੀਰੁ ਵਹੇ ਵਹਿ ਚਲੈ ਜੀਉ॥ ਇੱਕ ਦਿਨ ਪੂਰਨ ਵੈਰਾਗ 'ਚ ਸਿਮਰਨ ਕਰ ਰਹੇ ਸਨ। ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥

ਪਰਮਪੂਜਨੀਕ ਵਾਹਿਗੁਰੂ ਮਹੱਲੇ ਨੌਵੇਂ ਜੀ ਨੇ ਪੂਰਨ ਅਗਮ ਵਿਸਮਾਦ ਦਰਸ਼ਨ ਬਖ਼ਸ਼ ਕੇ ਫ਼ੁਰਮਾਇਆ, "ਹੇ ਗੁਰਮੁਖਿ ਪਿਆਰੇ ਜੀਓ! ਡਰੋਲੀਭਾਈ ਦਰਸ਼ਨ ਬਖ਼ਸ਼ੋ।" ਭੁੱਖ ਤ੍ਰੇਹ ਉਂਨੀਦ੍ਰਾ ਸਹਾਰਦਿਆਂ ਸਿਮਰਨ 'ਚ ਲੀਣ ਪੂਰਨ ਵੈਰਾਗੀ ਮਹਾਂਪੁਰਸ਼ ਜੀ 'ਤੇ ਕ੍ਰਿਪਾ ਹੋ ਗਈ। ਸਾਧਸੰਗਿ ਨਾਨਕ ਜਸੁ ਗਾਇਓ; ਜੋ ਪ੍ਰਭ ਕੀ ਅਤਿ ਪਿਆਰੀ॥ ਅਨੁਸਾਰ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਅਤੀ ਪਿਆਰੇ ਸਤਿਸੰਗਤਜੀ ਕੀਰਤਨ ਕਰਦਿਆਂ ਦਰਸ਼ਨਾਂ ਨੂੰ ਜਾ ਰਹੇ ਸਨ, ਉਨ੍ਹਾਂ ਨਾਲ ਡਰੋਲੀਭਾਈ ਆ ਕੇ, ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥ ਅਨੁਸਾਰ ਗੁਰੂ ਪ੍ਰੇਮਾ-ਭਗਤੀ ਗੁਰਬਾਣੀ ਅਜਪਾ ਜਾਪ ਦੇ ਦਾਤੇ, ਅਜਪਾ ਜਾਪ ਸੁੰਨ ਸਮਾਧੀ 'ਚ ਲੀਣ ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਅਤਿਅੰਤ ਵਿਸਮਾਦ ਸੁੰਦਰ ਦਰਸ਼ਨ ਕੀਤੇ, ਪਹਿਲੀ ਵਾਰ ਦਰਸ਼ਨ ਕਰਦਿਆਂ ਹੀ ਮੋਹਿਤ ਹੋ ਕੇ ਸੱਚੇ ਮੁਰੀਦ ਬਣ ਗਏ। ਯਥਾ:- ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ।

ਬੜੇ ਚਾਅ ਉਤਸ਼ਾਹ ਨਾਲ ਸਤਿਸੰਗਤ, ਗੁਰੂ ਪ੍ਰਮੇਸਰ ਜੀ ਦੀ ਸ਼ੁਭ ਸੱਚੀ ਸੇਵਾ ਕਰਦੇ, ਨਾਲ ਨਾਲ, ਹੀਏ ਕੋ ਪ੍ਰੀਤਮੁ; ਜੀ ਤੋਂ ਗੁਰਬਾਣੀ ਕਥਾ ਕੀਰਤਨ ਸੁਣ ਕੇ ਲੂੰ ਲੂੰ 'ਚ ਵਸਾਈ ਜਾਂਦੇ। ਜੇ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇ॥ ਅਨੁਸਾਰ ਪੂਰੇ ਗੁਰੂ ਜੀ ਨੇ ਕਾਂ ਤੋਂ ਹੰਸ ਬਣਾਏ ਹਨ। ਇਨ੍ਹਾਂ ਨੂੰ ਸਵਾਰਨਾ ਤਾਂ ਅਸਾਨ ਹੀ ਸੀ, ਕਿਉਂ ਜੋ ਨਿੱਕੀ ਉਮਰ ਤੋਂ ਸਾਧੂਆਂ ਸੰਤਾਂ, ਲੋਕਾਂ ਦੀ ਸੇਵਾ ਅਤਿਅੰਤ ਹੀ ਪਿਆਰ ਨਾਲ ਕਰਦੇ ਸਨ। ਗੁਰ ਕੀ ਮੂਰਤਿ; ਮਨ ਮਹਿ ਧਿਆਨੁ॥ ਅਨੁਸਾਰ ਧੰਨ ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਅਨੰਤ ਸਰਗੁਨ ਸਰੂਪ ਰੋਮ ਰੋਮ ਕਰਕੇ ਜਾਪ ਕਰਦੇ ਅੰਦਰ ਬਾਹਰ ਦਿਸਣ ਲੱਗੇ, ਨਿਰਗੁਨ ਬ੍ਰਹਮ ਜੀ ਦੀ ਸਾਖਿਆਤਤਾ ਹੋ ਗਈ। ਅਸੰਖ ਸੂਰਜ ਚੰਦ ਤਾਰੇ ਮੰਡਲ ਧਰਤੀਆਂ ਹਵਾਵਾਂ ਪਾਣੀ ਅਕਾਸ਼ ਪਤਾਲ ਪਸ਼ੂ ਪੰਛੀ ਸਭ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦਾ ਜਾਪ ਕਰਦੇ ਦਿਸਣ ਲੱਗ ਗਏ।

ਆਪ ਜੀ ਨਿੱਕੀ ਉਮਰ ਤੋਂ ਕਰੁਣਾਰਸ 'ਚ ਗ੍ਰੀਬ ਦੁਖੀਆਂ ਦੀ ਸਹਾਇਤਾ ਕਰਦੇ ਸਨ। ਵਾਹਿਗੁਰੂ ਮਹੱਲੇ ਨੌਵੇਂ ਜੀ ਨੂੰ, ਨਾਨਕ. ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥ ਅਨੁਸਾਰ ਸਿਰ ਅਰਪ ਕੇ ਆਪ ਗੁਆ, ਮਾਣ ਤਿਆਗ ਕੇ, ਪੂਰਨ ਗੁਰਸੇਵਕ ਜੀ ਬਣ ਗਏ। ਹਰ ਸਮੇਂ ਆਪ ਜੀ ਅਪਣੇ ਪ੍ਰੀਤਮ ਦੇ ਨੂਰਾਨੀ ਚਿਹਰੇ ਨੂੰ, ਚੰਦ ਚਕੋਰ ਪਰੀਤ ਹੈ; ਲਾਇ ਤਾਰ ਨਿਹਾਲੇ॥ ਅਨੁਸਾਰ ਤੱਕ ਕੇ ਨਿਹਾਲ ਨਿਹਾਲ ਵਿਸਮਾਦ ਰਹਿੰਦੇ। ਆਪ ਜੀ ਪਰਉਪਕਾਰ ਲਈ ਤਾਂ ਜਾਨ ਵਾਰਦੇ ਸਨ, ਹਰ ਸਮੇਂ ਸਿਮਰਨ ਅਭਿਆਸ ਗੁਰਬਾਣੀ ਪੜ੍ਹਦੇ, ਸਤਿਗੁਰੂ ਸਾਹਿਬ ਜੀ ਜੋ ਹੁਕਮ ਕਰਦੇ ਤਤਕਾਲ ਮੰਨਦੇ। ਯਥਾ:- ਜੈਸੀ ਆਗਿਆ ਕੀਨੀ ਠਾਕੁਰਿ; ਤਿਸ ਤੇ. ਮੁਖੁ ਨਹੀ ਮੋਰਿਓ॥ ਸਹਜੁ ਅਨੰਦੁ ਰਖਿਓ. ਗ੍ਰਿਹ ਭੀਤਰਿ; ਉਠਿ ਉਆਹੂ ਕਉ ਦਉਰਿਓ॥੨॥ ਆਗਿਆ ਮਹਿ ਭੂਖ. ਸੋਈ ਕਰਿ ਸੂਖਾ; ਸੋਗ ਹਰਖ. ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ ਮਾਥੈ ਲੇ ਮਾਨਿਓ॥

ਮਾਨੁਖ੍ਯ: ਮਾਨੁੱਖਿਅ- ਕਰਪੂਰ ਪੁਹਪ ਸੁਗੰਧਾ; ਪਰਸ ਮਾਨੁਖ੍ਯ ਦੇਹੰ. ਮਲੀਣੰ॥

(ਕਰਪੂਰ) ਮੁਸ਼ਕ ਕਪੂਰ ਅਤੇ ਗੁਲਾਬ, ਗੇਂਦੇ ਆਦਿ (ਪੁਹਪ) ਫੁੱਲ ਤੇ ਹੋਰ ਸੱਭ (ਸੁਗੰਧਾ) ਸੁਗੰਧੀਆਂ, (ਮਾਨੁਖ੍ਯ) ਮਾਨੁਖ ਦੀ (ਦੇਹੰ) ਦੇਹ ਨਾਲ (ਪਰਸ) ਲੱਗ ਕੇ (ਮਲੀਣੰ) ਮਲੀਨ, ਅਪਵਿੱਤ੍ਰ ਹੋ ਜਾਂਦੇ ਹਨ ਜੀ।

ਮੱਜਾ, ਅਥਿ ਪੋਲਾ ਬੋਲੋ, ਅਗ੍ਯਾਨਣੋ: ਅਗਿਆਨਣੋ-

ਮਜਾ ਰੁਧਿਰ ਦ੍ਰੁਗੰਧਾ; ਨਾਨਕ. ਅਥਿ ਗਰਬੇਣ ਅਗ੍ਯਾਨਣੋ॥੧॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਜੀਵ! ਨਵੇ ਛਿਦ੍ਰ ਸ੍ਰਵਹਿ; ਅਪਵਿਤ੍ਰ॥) ਬਿਰਥਾ; ਨਾਮ ਬਿਨਾ ਤਨੁ ਅੰਧ॥ ਮੁਖਿ ਆਵਤ; ਤਾ ਕੈ ਦੁਰਗੰਧ॥ ਅਨੁਸਾਰ ਸੱਚੇ ਨਾਮ ਜੀ ਤੋਂ ਬਿਨਾ ਤੇਰੇ ਸਰੀਰ 'ਚੋਂ (ਮਜਾ) ਮਿੱਝ ਅਤੇ (ਰੁਧਿਰ) ਲਹੂ, ਬਿਸਟਾ ਆਦਿ ਦੀ ਤੇ ਮੁਖ ਤੋਂ (ਦ੍ਰੁਗੰਧਾ) ਦੁਰਗੰਧੀ ਹੈ। (ਅਥਿ) ਐਸੇ ਨਾਸਵੰਤ ਸ੍ਰੀਰ ਦਾ (ਅਗ੍ਯਾਨਣੋ) ਅਗਿਆਨੀ, ਅਗਿਆਨ ਕਰਕੇ (ਗਰਬੇਣ) ਹੰਕਾਰ ਕਰਦਾ ਹੈ। ਯਥਾ:- ਬਿਸਟਾ ਅਸਤ ਰਕਤੁ; ਪਰੇਟੇ ਚਾਮ॥ ਇਸੁ ਊਪਰਿ ਲੇ ਰਾਖਿਓ ਗੁਮਾਨ॥) ਰਕਤੁ ਬਿੰਦੁ ਕਾ ਇਹੁ ਤਨੋ; ਅਗਨੀ ਪਾਸਿ ਪਿਰਾਣੁ॥) ਕਾਚੀ ਪਿੰਡੀ. ਸਬਦੁ, ਨ ਚੀਨੈ; ਉਦਰੁ ਭਰੈ ਜੈਸੇ ਢੋਰੈ॥੧॥

ਸਿਧ੍ਯਤੇ: ਸਿੱਧਿਅਤੇ- ਪਰਮਾਣੋ ਪਰਜੰਤ ਆਕਾਸਹ; ਦੀਪ ਲੋਅ, ਸਿ ਖੰਡਣਹ॥
ਗਛੇਣ, ਨੈਣ ਭਾਰੇਣ ਨਾਨਕ; ਬਿਨਾ ਸਾਧੂ. ਨ ਸਿਧ੍ਯਤੇ॥੨॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਹੜੇ ਸਿੱਧ ਸਿੱਧੀਆਂ ਦੁਆਰਾ ਅਪਣੇ ਸ੍ਰੀਰ ਨੂੰ (ਪਰਮਾਣੋ) ਪ੍ਰਮਾਣੂ ਭਾਵ ਅਤਿਅੰਤ ਬ੍ਰੀਕ ਤੋਂ ਬ੍ਰੀਕ ਬਣਾ ਲੈਣ, ਜਿਹੜਾ ਖ਼ੁਰਦਬੀਨ (ਮਚਿਰੋਸਚੋਪਏ) ਨਾਲ ਭੀ ਨਾ ਦਿਸੇ। ਇਤਨਾ ਸੂਖਮ ਸ੍ਰੀਰ ਧਾਰ ਕੇ (ਆਕਾਸਹ) ਆਕਾਸ (ਪਰਜੰਤ) ਤੱਕ, ਅਸੰਖ (ਦੀਪ) ਦੀਪਾਂ, (ਲੋਅ) ਲੋਕਾਂ, (ਖੰਡਣਹ) ਖੰਡਾਂ 'ਚ (ਸਿ) ਉਹੁ (ਨੈਣ) ਅੱਖ ਦੇ ਖੋਲ੍ਹਣ (ਭਾਰੇਣ) ਮੀਚਣ ਜਿਤਨੇ ਸਮੇਂ 'ਚ (ਗਛੇਣ) ਜਾ ਔਣ। ਪਰ (ਸਾਧੂ) ਅਸੰਖ ਨੂਰ ਪ੍ਰਕਾਸ਼ ਸਰੂਪ ਵਾਹਿਗੁਰੂ ਜੀ, ਪਾਰਬ੍ਰਹਮ ਕੇ ਗੁਰ ਅਵਤਾਰ ਸਤਿਗੁਰਾਂ ਜੀ ਦੀ ਸ੍ਰੇਸਟ ਸੰਗਤ ਕਰਨ ਤੋਂ, ਹੁਕਮ ਕਮੌਣ ਤੋਂ ਬਿਨਾ (ਸਿਧ੍ਯਤੇ) ਮੁਕਤ (ਨ) ਨਹੀਂ ਹੁੰਦੇ। ਯਥਾ:- ਸਿਧੁ ਹੋਵਾ. ਸਿਧਿ ਲਾਈ; ਰਿਧਿ ਆਖਾ ਆਉ॥ ਗੁਪਤੁ ਪਰਗਟੁ ਹੋਇ ਬੈਸਾ; ਲੋਕੁ ਰਾਖੈ ਭਾਉ॥ ਮਤੁ ਦੇਖਿ. ਭੂਲਾ ਵੀਸਰੈ; ਤੇਰਾ ਚਿਤਿ ਨ ਆਵੈ ਨਾਉ॥੩॥

ਜਾਣੋ ਸਤਿ, ਹੋਵੰਤੋ ਮਰਣੋ; ਦ੍ਰਿਸਟੇਣ ਮਿਥਿਆ॥

ਹੇ ਹਰੀ ਲਾਲ ਕ੍ਰਿਸ਼ਨ ਲਾਲ ਜੀ ਅਥਵਾ ਸਾਧਸੰਗਤ ਜੀਉ! ਨਾਸਵੰਤ ਸ੍ਰੀਰ ਦਾ (ਮਰਣੋ) ਮਰਣਾ (ਹੋਵੰਤੋ) ਹੋਣਾ ਨਿਸਚੇ (ਸਤਿ) ਸੱਚ ਕਰਕੇ ਜਾਣੋ। ਜਿਤਨਾ (ਦ੍ਰਿਸਟੇਣ) ਦ੍ਰਿਸਟਮਾਨ ਅਕਾਰ ਆਪ ਜੀ ਨੂੰ ਦਿਸਦਾ ਹੈ, ਉਹ ਸਾਰਾ (ਮਿਥਿਆ) ਨਾਸਵੰਤ ਹੈ। ਮਿਥਿਆ ਉਹ ਹੈ ਜੋ ਦਿਸਦਾ ਹੋਵੇ ਪਰ ਹੋਵੇ ਨਾ। ਜਿਵੇਂ ਸਿੱਪੀ 'ਚ ਚਾਂਦੀ ਦਿਸਦੀ ਹੈ। ਜਿਵੇਂ ਗਰਮ ਦੇਸ਼ 'ਚ, ਸੂਰਜ ਦੀਆਂ ਕਿਰਨਾਂ ਰੇਤੇ 'ਤੇ ਪੈਣ ਤੋਂ, ਤਿਹਾਏ ਗ੍ਰੀਬ ਹਿਰਨ ਨੂੰ ਪਾਣੀ ਦਿਸਦਾ, ਭੱਜ ਕੇ ਪਾਣੀ ਪੀਣ ਜਾਂਦਾ ਪਰ ਉੱਥੇ ਪਾਣੀ ਨਹੀਂ ਹੁੰਦਾ ਜੀ ਰਾਮ ਜੀ। ਓਹੁ ਪਾਣੀ ਦਾ ਦਿਸਣਾ ਮਿਥਿਆ ਝੂਠਾ ਹੈ। ਯਥਾ:- ਦ੍ਰਿਸਟਿਮਾਨ; ਹੈ ਸਗਲ ਮਿਥੇਨਾ॥) ਜੋ ਦੀਸੈ. ਸੋ ਸਗਲ ਬਿਨਾਸੈ; ਜਿਉ ਬਾਦਰ ਕੀ ਛਾਹੀ॥੧॥

ਕੀਰਤਿ ਸਾਥਿ ਚਲੰਥੋ; ਭਣੰਤਿ ਨਾਨਕ. ਸਾਧਸੰਗੇਣ॥੩॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਸਾਧ+ਸੰਗੇਣ) (ਸਾਧ) ਸਤਿਗੁਰੂ ਸਾਹਿਬ ਜੀ ਅਥਵਾ ਸ੍ਰੇਸਟ ਮਹਾਂਪੁਰਖ ਸੰਤਾਂ ਭਗਤਾਂ ਜੀ ਦੀ (ਸੰਗੇਣ) ਸੰਗਤ 'ਚ ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਗੁਰਬਾਣੀ (ਕੀਰਤਿ) ਕੀਰਤਨ, ਜਸ ਮਹਿਮਾ ਲੋਕ ਪ੍ਰਲੋਕ 'ਚ ਸਹਾਇਤਾ ਕਰਨ ਲਈ (ਸਾਥਿ) ਨਾਲ (ਚਲੰਥੋ) ਚੱਲਦੇ ਹਨ। ਯਥਾ:- ਐਸੋ ਸਹਾਈ; ਹਰਿ ਕੋ ਨਾਮ॥ ਸਾਧਸੰਗਤਿ ਭਜੁ ਪੂਰਨ ਕਾਮ॥੧॥) ਹਲਤਿ ਸੁਖੁ. ਪਲਤਿ ਸੁਖੁ, ਨਿਤ ਸੁਖੁ ਸਿਮਰਨੋ; ਨਾਮੁ ਗੋਬਿੰਦ ਕਾ ਸਦਾ ਲੀਜੈ॥) ਜਹ ਸਾਧੂ. ਗੋਬਿਦ ਭਜਨੁ; ਕੀਰਤਨੁ ਨਾਨਕ ਨੀਤ॥ ਣਾ ਹਉ. ਣਾ ਤੂੰ. ਣਹ ਛੁਟਹਿ; ਨਿਕਟਿ. ਨ ਜਾਈਅਹੁ ਦੂਤ॥੧॥

ਮਾ-ਯਾ: ਯਾ ਤਾਲੂ ਤੋਂ ਬੋਲੋ- ਮਾਯਾ ਚਿਤ ਭਰਮੇਣ; ਇਸਟ ਮਿਤ੍ਰੇਖੁ ਬਾਂਧਵਹ॥

ਸਿਮਰਨ ਹੀਣ ਮਨਮੁਖ ਨਾਗਨੀ (ਮਾਯਾ) ਮਾਇਆ, (ਇਸਟ) ਪਿਆਰੇ (ਮਿਤ੍ਰੇਖੁ) ਮਿੱਤ੍ਰ (ਬਾਂਧਵਹ) ਸਾਕ ਸਬੰਧੀਆਂ 'ਚ ਚਿਤ (ਭਰਮੇਣ) ਭ੍ਰਮੌਂਦੇ ਹਨ। ਯਥਾ:- ਮਾਇਆ ਹੋਈ ਨਾਗਨੀ; ਜਗਤਿ ਰਹੀ ਲਪਟਾਇ॥) ਪਲਚਿ ਪਲਚਿ ਸਗਲੀ ਮੁਈ; ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ; ਅਗੈ ਲਈਅਹਿ ਖੋਹਿ॥) ਮਾਇਆ. ਮਨਹੁ ਨ ਵੀਸਰੈ; ਮਾਂਗੈ ਦੰਮਾ ਦੰਮ॥ ਸੋ ਪ੍ਰਭੁ. ਚਿਤਿ ਨ ਆਵਈ; ਨਾਨਕ. ਨਹੀ ਕਰੰਮਿ॥

ਲਬਧ੍ਯੰ: ਲਬਧਿਅੰ, ਭਜਣੰ: ਪੋਲਾ- ਲਬਧ੍ਯੰ ਸਾਧਸੰਗੇਣ ਨਾਨਕ; ਸੁਖ ਅਸਥਾਨੰ. ਗੋਪਾਲ ਭਜਣੰ॥੪॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਗੋਪਾਲ) ਅਨਤ ਕਲਾਵਾਨ ਵਾਹਿਗੁਰੂ ਜੀ ਦੇ (ਭਜਣੰ) ਸਿਮਰਨ ਦਾ ਸੁਖ ਨਾਮ ਅੰਮ੍ਰਿਤ ਬ੍ਰਹਮਾਨੰਦ ਰਸ ਦਾ ਅਨੰਦ ਮਾਨਣ ਦਾ (ਅਸਥਾਨੰ) ਅਸਥਾਨ, ਸਤਿਗੁਰੂ ਨਾਨਕਦੇਵ ਸਾਹਿਬ ਜੀ ਦੇ (ਸਾਧਸੰਗੇਣ) ਸਾਧਸੰਗਤ ਜੀ 'ਚ (ਲਬਧੵੰ) ਲੱਭਦਾ ਹੈ ਜੀ ਰਾਮ ਜੀ!

ਮੈਲਾਗਰ ਸੰਗੇਣ; ਨਿੰਮੁ ਬਿਰਖ. ਸਿ ਚੰਦਨਹ॥

ਕੌੜੀ ਨਿੰਮੁ ਦਾ (ਬਿਰਖ) ਦਰੱਖਤ (ਮੈਲਾਗਰ) ਚੰਦਨ ਦੇ (ਸੰਗੇਣ) ਨਾਲ ਹੋਣੇ ਕਰਕੇ (ਸਿ) ਉਹ ਭੀ (ਚੰਦਨਹ) ਚੰਦਨ ਦੀ ਸੁਗੰਧੀ ਸਹਿਤ ਸੁਗੰਧਤ, ਚੰਦਨ ਹੋ ਜਾਂਦਾ ਹੈ। ਇਉਂ ਜੋ ਜੀਵ ਨਿੰਮ ਵਾਂਗ ਕੌੜੇ ਹਨ, ਪਰ ਸ਼ਰਧਾ ਧਾਰ ਕੇ ਚੰਦਨ ਰੂਪ ਸਤਿਗੁਰੂ ਸਾਹਿਬ ਜੀ ਅਥਵਾ ਸ਼੍ਰੇਸ਼ਟ ਸਾਧੂਆਂ ਦੀ ਸੰਗਤ ਕਰਨ ਨਾਲ, ਉਹ ਭੀ ਪ੍ਰੇਮਾ ਭਗਤੀ ਦੀ ਸੁਗੰਧੀ ਸਹਿਤ ਸੁਗੰਧਤ, ਚੰਦਨ ਹੋ ਜਾਂਦੇ ਹਨ। ਯਥਾ:- ਚੰਦਨ ਭਗਤਾ. ਜੋਤਿ ਇਨੇਹੀ; ਸਰਬੇ ਪਰਮਲੁ ਕਰਣਾ॥) ਭਾਰ ਅਠਾਰਹ ਮਹਿ ਚੰਦਨੁ ਊਤਮ; ਚੰਦਨ ਨਿਕਟਿ ਸਭ ਚੰਦਨੁ ਹੁਈਆ॥) ਕਬੀਰ. ਚੰਦਨ ਕਾ ਬਿਰਵਾ ਭਲਾ; ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ; ਬਸੇ ਜੁ ਚੰਦਨ ਪਾਸਿ॥੧੧॥

ਨਿਕਟਿ ਬਸੰਤੋ ਬਾਂਸੋ; ਨਾਨਕ. ਅਹੰਬੁਧਿ. ਨ ਬੋਹ ਤੇ॥੫॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਚੰਦਨ ਦੇ (ਨਿਕਟਿ) ਨੇੜੇ (ਬਾਂਸੋ) ਬਾਂਸ (ਬਸੰਤੋ) ਵਸਦਾ ਹੈ। ਪਰ (ਅਹੰ+ਬੁਧਿ) ਹੰਗਤਾ ਵਾਲੀ ਬੁੱਧੀ ਕਰਕੇ (ਤੇ) ਉਹ ਚੰਦਨ ਦੀ (ਬੋਹ) ਸੁਗੰਧੀ ਸਹਿਤ (ਨ) ਨਹੀਂ ਹੁੰਦਾ। ਇਉਂ ਜੋ ਵਿਕਾਰੀ ਹੰਕਾਰੀ ਸਾਕਤ ਬਾਂਸ, ਚੰਦਨ ਰੂਪ ਮਹਾਂਪੁਰਸ਼ਾਂ ਜੀ ਦੇ ਪਾਸ ਰਹੇ, ਉਹ ਨਾਮ ਪ੍ਰੇਮਾ ਭਗਤੀ ਦੀ ਸੁਗੰਧੀ ਨਹੀਂ ਪ੍ਰਾਪਤ ਕਰਦਾ। ਯਥਾ:- ਕਬੀਰ. ਬਾਂਸੁ ਬਡਾਈ ਬੂਡਿਆ; ਇਉ. ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ; ਬਾਂਸੁ. ਸੁਗੰਧੁ ਨ ਹੋਇ॥੧੨॥

ਗਾਥਾ ਗੁੰਫ ਗੋਪਾਲ ਕਥੰ; ਮਥੰ ਮਾਨ ਮਰਦਨਹ॥

ਇਹ ਪਵਿੱਤ੍ਰ ਗਾਥਾ ਬਾਣੀ (ਗੋਪਾਲ) ਅਕਾਲ ਪੁਰਖ ਵਾਹਿਗੁਰੂ ਜੀ ਦੀ (ਕਥੰ) ਕਥਾ, ਬ੍ਰਹਮਗਿਆਨ ਰੂਪੀ ਅੰਮ੍ਰਿਤ ਰਸ ਨਾਲ (ਗੁੰਫ) ਗੁੰਦੀ ਹੈ। ਜਿਵੇਂ ਫੁੱਲਾਂ ਵਿੱਚ ਸੁਗੰਧੀ ਰਚੀ ਹੁੰਦੀ ਹੈ। ਜਿਹੜੇ ਗੁਰਮੁਖਿ ਇਸ ਪਾਵਨ ਪਵਿੱਤ੍ਰ ਬਾਣੀ ਨੂੰ (ਮਥੰ) ਵੀਚਾਰਦੇ ਹਨ, ਉਨ੍ਹਾਂ ਦੇ (ਮਾਨ) ਹੰਕਾਰ ਨੂੰ (ਮਰਦਨਹ) ਨਾਸ ਕਰ ਦਿੰਦੀ ਹੈ।

ਸੱਤ੍ਰੇਣ, ਪ੍ਰਹਾਰ-ਣਹ- ਹਤੰ. ਪੰਚ ਸਤ੍ਰੇਣ ਨਾਨਕ; ਹਰਿ ਬਾਣੇ ਪ੍ਰਹਾਰਣਹ॥੬॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫੁਰਮੌਂਦੇ ਹਨ:- (ਹਰਿ) ਹਰੀ ਵਾਹਿਗੁਰੂ ਜੀ ਦੇ ਨਾਮ ਰੂਪ (ਬਾਣੇ) ਤੀਰ ਨੂੰ (ਪ੍ਰਹਾਰਣਹ) ਮਾਰਨ ਨਾਲ, (ਪੰਚ) ਪੰਜ (ਸਤ੍ਰੇਣ) ਵੈਰੀ ਕਾਮ ਕ੍ਰੋਧ ਆਦਿਕ (ਹਤੰ) ਨਾਸ ਹੋ ਜਾਂਦੇ ਹਨ। ਯਥਾ:- ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥ ਤੀਖਣ ਬਾਣ ਚਲਾਇ; ਨਾਮੁ ਪ੍ਰਭ ਧ੍ਯਾਈਐ॥

ਬਚਨ ਸਾਧ ਸੁਖ ਪੰਥਾ; ਲਹੰਥਾ. ਬਡ ਕਰਮਣਹ॥
ਰਹੰਤਾ. ਜਨਮ ਮਰਣੇਨ; ਰਮਣੰ ਨਾਨਕ. ਹਰਿ ਕੀਰਤਨਹ॥੭॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫੁਰਮੌਂਦੇ ਹਨ:- ਸਾਧ ਰੂਪ; ਅਪਨਾ ਤਨੁ ਧਾਰਿਆ॥ ਅਨੁਸਾਰ ਸੱਚੇ (ਸਾਧ) ਦਸ ਸਤਿਗੁਰੂ ਸਾਹਿਬਾਨ ਜੀ ਦੇ ਅਮੋਲਕ ਬਚਨ ਨੂੰ ਮੰਨਣ ਪੂਜਣ ਕਮੌਣ ਵਾਲੇ ਗੁਰਸਿੱਖ ਜੀ ਨੂੰ ਸੱਚਾ ਨਾਮ ਜਪਣ ਜਪੌਣ ਗੁਰਮਤਿ ਗੁਰਮੁਖਿ ਸੁਖ ਦਾ (ਪੰਥਾ) ਰਸਤਾ ਅਥਵਾ ਬ੍ਰਹਮਗਿਆਨ ਦਾ ਪ੍ਰਕਾਸ਼ ਰੂਪੀ ਰਸਤਾ, ਸਤਿਗੁਰੂ ਜੀ ਦੇ (ਬਡ) ਮਹਾਨ ਵਿਸਮਾਦ (ਕਰਮਣਹ) ਕ੍ਰਿਪਾ ਨਾਲ (ਲਹੰਥਾ) ਪ੍ਰਾਪਤ ਹੁੰਦਾ ਹੈ। ਯਥਾ:- (ਕਥੜੀਆਂ: ਪੋਲਾ) ਕਥੜੀਆ ਸੰਤਾਹ; ਤੇ ਸੁਖਾਊ ਪੰਧੀਆ॥ (ਲੱਧੜੀਆਂ) ਨਾਨਕ. ਲਧੜੀਆ ਤਿੰਨਾਹ; ਜਿਨਾ ਭਾਗੁ ਮਥਾਹੜੈ॥) ਉਤਮ ਸਲੋਕ; ਸਾਧ ਕੇ ਬਚਨ॥ ਅਮੁਲੀਕ ਲਾਲ; ਏਹਿ ਰਤਨ॥) (ਹਰਿ) ਗੁਰਬਾਣੀ ਜੀ ਦਾ ਅਮੋਲਕ ਅੰਮ੍ਰਿਤ (ਕੀਰਤਨਹ) ਕੀਰਤਨ (ਰਮਣੰ) ਉਚਾਰਨ ਨਾਲ ਜਨਮ (ਮਰਣੇਨ) ਮਰਨ ਤੋਂ

(ਰਹੰਤਾ) ਰਹਿਤ ਹੋ ਜਾਈਦਾ ਹੈ ਭਾਵ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਯਥਾ:- ਨਾਨਕੁ ਕਹੈ. ਸੁਨਿ ਰੇ ਮਨਾ; ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮॥

ਪੱਤ੍ਰ, ਝੜੀ-ਯੰ- ਪਤ੍ਰ ਭੁਰਿਜੇਣ ਝੜੀਯੰ; ਨਹ ਜੜੀਅੰ, ਪੇਡ ਸੰਪਤਾ॥

(ਭੁਰਿਜੇਣ) ਪੱਤਝੜ, ਸਿਸਰ ਰੁੱਤ 'ਚ (ਪਤ੍ਰ) ਪੱਤੇ (ਝੜੀਯੰ) ਝੜ੍ਹ ਜਾਂਦੇ ਹਨ। ਜੋ ਦੁਬਾਰਾ (ਪੇਡ) ਬ੍ਰਿਛ ਦੀਆਂ (ਸੰਪਤਾ) ਟਾਹਣੀਆਂ ਨਾਲ (ਜੜੀਅੰ) ਜੜੀਦੇ ਭਾਵ ਜੁੜਦੇ (ਨਹ) ਨਹੀਂ। ਇਉਂ ਸੰਸਾਰ ਰੂਪੀ ਬ੍ਰਿਛ ਤੋਂ ਜੋ ਜੀਵ ਰੂਪੀ ਪੱਤੇ ਝੜ੍ਹ ਜਾਂਦੇ ਹਨ ਉਹ ਦੁਬਾਰਾ ਪਰਿਵਾਰ ਰੂਪੀ ਟਾਹਣੀ ਨਾਲ ਨਹੀਂ ਜੁੜਦੇ। ਯਥਾ:- ਵੈ ਸੁਤ. ਵੈ ਬਿਤ, ਵੈ ਪੁਰ ਪਾਟਨ; ਬਹੁਰਿ. ਨ ਦੇਖੈ ਆਇ॥ ਕਹਤੁ ਕਬੀਰੁ. ਰਾਮੁ, ਕੀ ਨ ਸਿਮਰਹੁ; ਜਨਮੁ ਅਕਾਰਥੁ ਜਾਇ॥੨॥੬॥) ਤਰਵਰ ਵਿਛੁੰਨੇ. ਨਹ ਪਾਤ ਜੁੜਤੇ; ਜਮ ਮਗਿ ਗਉਨੁ ਇਕੇਲੀ॥ ਬਿਨਵੰਤ ਨਾਨਕ. ਬਿਨੁ ਨਾਮ ਹਰਿ ਕੇ. ਸਦਾ ਫਿਰਤ ਦੁਹੇਲੀ॥੧॥

ਨਾਮ ਬਿਹੂਣ ਬਿਖਮਤਾ, ਨਾਨਕ; ਬਹੰਤਿ ਜੋਨਿ, ਬਾਸਰੋ ਰੈਣੀ॥੮॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਸੱਚੇ ਨਾਮ ਤੋਂ (ਬਿਹੂਣ) ਬਿਨਾ ਭਾਵ ਨਾਮ ਹੀਣ ਬੇਤਾਲ ਅਤਿਅੰਤ (ਬਿਖਮਤਾ) ਕਠਨ ਦੁੱਖ ਹੀ ਦੁੱਖ ਸਹਾਰਦੇ ਹਨ। (ਬਾਸਰੋ) ਦਿਨ (ਰੈਣੀ) ਰਾਤ (ਜੋਨਿ) ਜੂਨਾਂ 'ਚ (ਬਹੰਤਿ) ਭਟਕਦੇ ਰਹਿੰਦੇ ਹਨ। ਯਥਾ:- ਕਬਹੂ; ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥

ਭਾਵਨੀ ਸਾਧਸੰਗੇਣ; ਲਭੰਤੰ ਬਡ ਭਾਗਣਹ॥

ਪ੍ਰੇਮ (ਭਾਵਨੀ) ਭਾਵਨਾ ਨਾਲ (ਸਾਧਸੰਗੇਣ) ਸਾਧਸੰਗਤ ਜੀ ਵਿੱਚੋਂ (ਬਡ) ਵੱਡੇ (ਭਾਗਣਹ) ਭਾਗਾਂ ਵਾਲੇ ਗੁਰਮੁਖਿ ਸਨਮੁਖਿ ਜੀ ਸੱਚੇ ਕੰਤ ਸੱਚੇ ਭਗਵੰਤ ਵਾਹਿਗੁਰੂ ਜੀ ਨੂੰ (ਲਭੰਤੰ) ਲੱਭਦੇ ਹਨ। ਯਥਾ:- ਸਾਧਸੰਗਿ ਰਾਮਈਆ ਰਸੁ ਪਾਇਓ; ਨਾਨਕ ਜਾ ਕੈ ਭਾਵਨੀ ਨੀਕੀ॥੨॥੩॥੨੫॥) ਕੇਤੀ ਕੇਤੀ ਮਾਂਗਨਿ ਮਾਗੈ; ਭਾਵਨੀਆ ਸੋ ਪਾਈਐ॥੧॥

ਹਰਿ ਨਾਮ ਗੁਣ ਰਮਣੰ ਨਾਨਕ; ਸੰਸਾਰ ਸਾਗਰ. ਨਹ ਬਿਆਪਣਹ॥੯॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ

ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਹਰਿ) ਸੱਚੇ ਵਾਹਿਗੁਰੂ ਜੀ ਦੇ ਸੱਚੇ ਨਾਮ, (ਗੁਣ) ਪਰਉਪਕਾਰਾਂ ਨੂੰ (ਰਮਣੰ) ਉਚਾਰਨ ਨਾਲ ਇਹ ਸੰਸਾਰ ਰੂਪੀ (ਸਾਗਰ) ਸਮੁੰਦ੍ਰ (ਨਹ) ਨਹੀਂ (ਬਿਆਪਣਹ) ਵਿਆਪਦਾ। ਭਾਵ ਸੰਸਾਰ ਸਮੁੰਦ੍ਰ 'ਚ ਡੁੱਬਦੇ ਨਹੀਂ, ਸਗੋਂ ਵਿਸ਼ੇ ਰੂਪੀ ਜਲ ਅਤੇ ਆਸਾਂ ਤ੍ਰਿਸ਼ਨਾ ਰੂਪੀ ਲਹਿਰਾਂ ਵਾਲੇ ਸੰਸਾਰ ਰੂਪੀ ਸਮੁੰਦ੍ਰ, ਜਿਸ 'ਚ ਕਾਮ ਕ੍ਰੋਧ ਆਦਿਕ ਮਗਰਮੱਛ ਹਨ। ਇਨ੍ਹਾਂ ਤੋਂ ਗੁਰਸਿੱਖ ਜੀ ਕਮਲ ਵਾਂਗ ਨਿਰਲੇਪ ਰਹਿੰਦਿਆਂ ਰਾਮ ਨਾਮ 'ਚ ਲੀਣ, ਨਾਮ ਰੂਪੀ ਜਹਾਜ 'ਤੇ ਚੜ੍ਹ ਕੇ ਮੁਕਤੀ ਰੂਪੀ ਕਿਨਾਰੇ 'ਤੇ ਪਹੁੰਚ ਜਾਂਦੇ ਹਨ। ਯਥਾ:- ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੈ ਪਾਰ॥ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰਿ ਉਤਾਰਨਹਾਰ॥

ਗਾਥਾ ਗੂੜ ਅਪਾਰੰ; ਸਮਝਣੰ ਬਿਰਲਾ ਜਨਹ॥

ਸੰਸਾਰ ਕਾਮ ਤਜਣੰ; ਨਾਨਕ. ਗੋਬਿੰਦ ਰਮਣੰ ਸਾਧਸੰਗਮਹ॥੧੦॥

ਅਰਥ ਅਰੰਭ 'ਚ ਹਨ।

ਸੁਮੰਤ੍ਰ ਸਾਧ ਬਚਨਾ; ਕੋਟਿ ਦੋਖ ਬਿਨਾਸਨਹ॥

ਪਰਮਪੂਜਨੀਕ ਸੱਚੇ (ਸਾਧ) ਸਤਿਗੁਰੂ ਸਾਹਿਬਾਨ ਜੀ ਦੇ ਪਾਵਨ ਪਵਿੱਤ੍ਰ ਮੁਖਾਰਬਿੰਦ ਤੋਂ ਉਚਾਰੇ (ਸੁ+ਮੰਤ੍ਰ) (ਸੁ) ਸ੍ਰੇਸਟ ਵਾਹਿਗੁਰੂ ਗੁਰ ਮੰਤ੍ਰ, (ਬਚਨਾ) ਉਪਦੇਸ ਗੁਰਬਾਣੀ ਨੂੰ ਸੁਨਣ, ਮੰਨਣ, ਜਪਣ ਜਪੌਣ, ਕਮੌਣ, ਰਿਦੇ 'ਚ ਵਸੌਣ ਨਾਲ (ਕੋਟਿ) ਕ੍ਰੋੜਾਂ (ਦੋਖ) ਦੁੱਖ (ਬਿਨਾਸਨਹ) ਨਾਸ ਹੋ ਜਾਂਦੇ ਹਨ।

ਹਰਿ ਚਰਣਕਮਲ ਧ੍ਯਾਨੰ; ਨਾਨਕ. ਕੁਲ ਸਮੂਹ ਉਧਾਰਣਹ॥੧੧॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਹੜੇ ਗੁਰਮੁਖਿ (ਹਰਿ) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥ ਜੀ ਦੇ ਮਿੱਠੇ ਸੁੰਦਰ, ਹਿਰਦੈ. ਚਰਣ ਸਬਦੁ ਸਤਿਗੁਰ ਕੋ; ਨਾਨਕ. ਬਾਂਧਿਓ ਪਾਲ॥ ਅਨੁਸਾਰ ਗੁਰਸਬਦ ਰੂਪੀ ਸੱਚੇ ਸੁੰਦਰ ਸੋਹਣੇ ਨਿਰਲੇਪ ਉੱਜਲ ਮਿੱਠੇ ਚਰਣ (ਕਮਲ) ਕਮਲਾਂ ਦਾ ਸੁੰਦਰ (ਧ੍ਯਾਨੰ) ਧਿਆਨ ਧਾਰਦੇ ਹਨ। ਉਹ

ਅਪਣੀਆਂ (ਸਮੂਹ) ਸਾਰੀਆਂ (ਕੁਲ) ਕੁਲਾਂ (ਉਧਾਰਣਹ) ਉਧਾਰਦੇ ਹਨ। ਯਥਾ:- ਬਿਦਰੁ ਦਾਸੀ ਸੁਤੁ, ਭਇਓ ਪੁਨੀਤਾ; ਸਗਲੇ ਕੁਲ ਉਜਾਰੇ॥੩॥

ਸੁੰਦਰ ਮੰਦਰ ਸੈਣਹ; ਜੇਣ ਮਧ੍ਯ ਹਰਿ ਕੀਰਤਨਹ॥

ਸੋਈ ਮੰਦਰ ਸੁੰਦਰ ਅਤੇ (ਸੈਣਹ) ਸੋਭਨੀਕ ਹਨ। (ਜੇਣ) ਜਿਨ੍ਹਾਂ ਮੰਦਰਾਂ (ਮਧ੍ਯ) ਵਿੱਚ ਗੁਰੂ ਜੀ ਦੀ ਪਿਆਰੀ ਸਤਿਸੰਗਤ ਜੀ ਰਲ ਕੇ (ਹਰਿ) ਵਾਹਿਗੁਰੂ ਜੀ ਦਾ ਨਾਮ ਅੰਮ੍ਰਿਤ (ਕੀਰਤਨਹ) ਕੀਰਤਨ ਕਰਦੇ ਹਨ। ਯਥਾ:- ਹਰਿ ਜਪੇ. ਹਰਿ ਮੰਦਰੁ ਸਾਜਿਆ; ਸੰਤ ਭਗਤ. ਗੁਣ ਗਾਵਹਿ ਰਾਮ॥

ਮੁਕਤੇ. ਰਮਣ ਗੋਬਿੰਦਹ; ਨਾਨਕ. ਲਬਧ੍ਯੰ ਬਡ ਭਾਗਣਹ॥੧੨॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਗੋਬਿੰਦਹ) ਵਾਹਿਗੁਰੂ ਜੀ ਨੂੰ (ਰਮਣ) ਉਚਾਰਨ ਵਾਲੇ ਗੁਰਮੁਖਿ ਵਿਕਾਰਾਂ ਔਗੁਣਾਂ, ਜਮਾਂ ਜੂਨਾਂ ਤੋਂ (ਮੁਕਤੇ) ਮੁਕਤ ਹੋ ਜਾਂਦੇ ਹਨ। ਜਿਹੜੇ ਗੁਰਮੁਖਿ ਗੋਬਿੰਦ ਵਾਹਿਗੁਰੂ ਜੀ ਨੂੰ (ਲਬਧ੍ਯੰ) ਲੱਭਦੇ ਹਨ, ਉਨ੍ਹਾਂ ਦੇ (ਬਡ) ਵੱਡੇ (ਭਾਗਣਹ) ਭਾਗ ਹਨ।

ਲੱਬ-ਧੋ, ਮਿੱਤ੍ਰ, ਸੁਮਿੱਤੋ- ਹਰਿ ਲਬਧੋ; ਮਿਤ੍ਰ ਸੁਮਿਤੋ॥

(ਮਿਤ੍ਰ) ਮਿੱਤ੍ਰਾਂ ਦੇ (ਸੁਮਿਤੋ) ਸ੍ਰੇਸ਼ਟ ਮਿੱਤ੍ਰ ਸਤਿਗੁਰੂ ਸਾਹਿਬ ਜੀ ਅਤਵਾ ਗੁਰਮੁਖਿ ਜਨਾਂ ਦੇ ਸੰਗ ਕਰਨ ਨਾਲ (ਹਰਿ) ਸੱਚੇ ਵਾਹਿਗੁਰੂ ਜੀ (ਲਬਧੋ) ਲੱਭਦੇ ਹਨ।

ਚਿੱਤੋ- ਬਿਦਾਰਣ ਕਦੇ ਨ; ਚਿਤੋ॥ ਜਾ ਕਾ ਅਸਥਲੁ; ਤੋਲੁ ਅਮਿਤੋ॥

ਗੁਰਮੁਖਿ ਗੁਰਸੇਵਕ ਜੀ ਅਜਪਾ ਜਾਪ ਵਾਹਿਗੁਰੂ ਜੀ ਨੂੰ (ਚਿਤੋ) ਚਿੱਤ 'ਚੋਂ ਕਦੇ (ਨ) ਨਹੀਂ (ਬਿਦਾਰਣ) ਵਿਸਾਰਦੇ ਅਤਵਾ ਹਰੀ ਵਾਹਿਗੁਰੂ ਜੀ ਅਪਣੇ ਗੁਰਸੇਵਕ ਜੀ ਨੂੰ ਆਪਣੇ (ਚਿਤੋ) ਚਿੱਤ 'ਚੋਂ ਕਦੇ ਨ (ਬਿਦਾਰਣ) ਵਿਸਾਰਦੇ ਜੀ ਰਾਮ ਜੀ! (ਜਾ) ਜਿਨ੍ਹਾਂ ਨਿਰਗੁਨ ਬ੍ਰਹਮ ਜੀ (ਕਾ) ਦੇ ਪਰਮ ਪਾਕ (ਅਸਥਲੁ) ਅਸਥਾਨ ਦਾ (ਤੋਲੁ) ਬ੍ਰਹਮਵਿਚਾਰ (ਅਮਿਤੋ) ਮਿਣਤੀ ਰਹਿਤ, ਅੰਮ੍ਰਿਤ ਰੂਪ ਹੈ। (ਜਾ) ਜਿਨ੍ਹਾਂ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਸਤਿਗੁਰੂ ਸਾਹਿਬਾਨ ਜੀ (ਕਾ) ਦੇ ਪਰਮ ਪਾਕ ਸਾਧਸੰਗਤ ਰੂਪ (ਅਸਥਲੁ) ਅਸਥਾਨ ਦਾ (ਤੋਲੁ) ਬ੍ਰਹਮਵਿਚਾਰ (ਅਮਿਤੋ) ਮਿਣਤੀ ਰਹਿਤ ਹੈ। ਅਪਣੇ ਨਿਰਗੁਨ ਸਰੂਪ ਦੁਆਰਾ ਖਿਨ 'ਚ ਉਤਪਤੀ ਪਾਲਣਾ ਲੈਅਤਾ ਕਰਦਿਆਂ ਨਿਰਲੇਪ ਹਨ। ਸਿੱਖ ਨੂੰ ਬਾਹੋਂ ਫ਼ੜ ਕੇ

ਅਗਨ ਸਾਗਰ ਤੋਂ ਤਾਰਦੇ ਹਨ ਜੀ ਰਾਮ ਜੀ! ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥

ਕਿਤੋ: ਪੋਲਾ ਬੋਲੋ, ਸੁੋਈ: ਹੋੜੇ ਔਂਕੜ ਵਿਚਾਲੇ ਬੋਲੋ- ਸੁੋਈ ਨਾਨਕ. ਸਖਾ; ਜੀਅ ਸੰਗਿ ਕਿਤੋ॥੧੩॥

(ਨਾਨਕ) ਸੱਚੇ ਮਹਲਾ ਪੰਜਵਾਂ ਜੀ ਫ਼ੁਰਮੌਂਦੇ ਹਨ:- ਦਾਸਨਦਾਸ ਨੇ (ਸੁੋਈ) ਉਹੀ ਸੁੰਦਰ ਪ੍ਰੀਤਮ ਵਾਹਿਗੁਰੂ ਜੀ ਨੂੰ ਅਪਣੇ (ਜੀਅ) ਰਿਦੇ (ਸੰਗਿ) ਨਾਲ (ਸਖਾ) ਪਿਆਰੇ ਮਿੱਤ੍ਰ ਬਨੌਣੇ (ਕਿਤੋ) ਕੀਤੇ ਹਨ। ਜੋ ਸਾਰਿਆਂ (ਜੀਅ) ਜੀਆਂ ਦੇ ਸਦਾ ਅੰਗ ਸੰਗਿ, ਜੀਅ ਪ੍ਰਾਨ ਸੁਖਦਾਤੇ॥ ਹਨ। ਯਥਾ:-ਜੀਅ ਪ੍ਰਾਣ ਸੁਖਦਾਤਿਆ; ਨਿਮਖ ਨਿਮਖ ਬਲਿਹਾਰਿ ਜੀ॥੧॥) ਅੰਗ ਅੰਗ ਸੁਖਦਾਈ. ਪੂਰਨ ਬ੍ਰਹਮਾਈ; ਥਾਨ ਥਾਨੰਤਰ ਦੇਸਾ॥

ਅਪ-ਜਸੰ, ਸੱਤ, ਪੁੱਤ੍ਰਹ- ਅਪਜਸੰ ਮਿਟੰਤ; ਸਤ ਪੁਤ੍ਰਹ॥

ਸਿਮਰਤਬ੍ਯ: ਸਿਮਰਤੱਬਿਅ- ਸਿਮਰਤਬ੍ਯ ਰਿਦੈ; ਗੁਰ ਮੰਤ੍ਰਣਹ॥

ਸਤ ਪ੍ਰਤੱਗੀ ਜਤੀ ਸਤੀ ਨਿਰਮਲ ਗੁਰਮੁਖਿ (ਪੁਤ੍ਰਹ) ਪੁੱਤ੍ਰ, ਭਗਤ ਸ੍ਰੀ ਪ੍ਰਹਲਾਦ ਜੀ ਵਰਗੇ, ਜਿਨ੍ਹਾਂ ਨੇ (ਗੁਰ) ਬ੍ਰਹਮ ਜੀ ਦੇ ਸ਼੍ਰੋਮਣੀ ਵਾਹਿਗੁਰੂ (ਮੰਤ੍ਰਣਹ) ਮੰਤ੍ਰ (ਰਿਦੈ) ਰਿਦੇ 'ਚ ਵਸਾ ਕੇ (ਸਿਮਰਤਬ੍ਯ) ਸਿਮਰਨਾ ਕੀਤੇ। ਸੱਚੇ ਸਤਿਗੁਰੂ ਸਾਹਿਬ ਜੀ ਉਨ੍ਹਾਂ ਦੇ ਕੁਲ ਦੀ (ਅਪਜਸੰ) ਅਪਕੀਰਤੀ ਬਦਨਾਮੀ (ਮਿਟੰਤ) ਮਿਟਾ ਦਿੰਦੇ ਹਨ ਜੀ। ਯਥਾ:- ਹਰਿ ਮਨੁ ਤਨੋ ਗੁਰਮੁਖਿ ਭੀਜੈ; ਰਾਮ ਨਾਮੁ ਪਿਆਰੇ ਰਾਮ॥ ਰਾਮ ਨਾਮੁ ਪਿਆਰੇ. ਸਭਿ ਕੁਲ ਉਧਾਰੇ; ਰਾਮ ਨਾਮੁ ਮੁਖਿ ਬਾਣੀ॥

ਅ-ਚੁੱਤ- ਪ੍ਰੀਤਮ ਭਗਵਾਨ ਅਚੁਤ॥ ਨਾਨਕ. ਸੰਸਾਰ ਸਾਗਰ ਤਾਰਣਹ॥੧੪॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਪ੍ਰੀਤਮ) ਪਿਆਰੇ (ਅਚੁਤ) ਅਟੱਲ ਵਿਆਪਕ (ਭਗਵਾਨ) ਵਾਹਿਗੁਰੂ ਸਤਿਗੁਰੂ ਜੀ, ਸੰਸਾਰ ਅਗਨ ਸਾਗਰ ਤੋਂ (ਤਾਰਣਹ) ਤਾਰ ਰਹੇ ਹਨ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥

ਮਰਣੰ. ਬਿਸਰਣੰ ਗੋਬਿੰਦਹ॥ ਜੀਵਣੰ. ਹਰਿ ਨਾਮ ਧ੍ਯਾਵਣਹ॥ (ਲੱਭਣੰ) ਲਭਣੰ ਸਾਧਸੰਗੇਣ॥

ਪਿਆਰੇ ਸੁੰਦਰ (ਗੋਬਿੰਦਹ) ਵਾਹਿਗੁਰੂ ਜੀ ਨੂੰ (ਬਿਸਰਣੰ) ਭੁੱਲਣਾ (ਮਰਣੰ) ਮਰਨਾ ਹੈ। ਯਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥ (ਹਰਿ) ਹਰੀ ਵਾਹਿਗੁਰੂ ਜੀ ਦੇ ਨਾਮ ਨੂੰ (ਧ੍ਯਾਵਣਹ) ਧਿਔਣਾ ਹੀ ਅਮਰ (ਜੀਵਣੰ) ਜੀਵਨ ਹੈ। ਯਥਾ:- ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ. ਹਰਿ ਧਿਆਇਆ॥੮॥੨੨॥ ਇਹ ਮਿਰਤਕ ਕਉ; ਜੀਵਾਲਨਹਾਰ॥ ਨਾਮ ਸਿਮਰਨ, ਸੱਚੇ ਵਾਹਿਗੁਰੂ ਜੀ (ਸਾਧਸੰਗੇਣ) ਸਤਿਗੁਰੂ ਜੀ ਅਥਵਾ ਤੱਤ ਬੇਤੇ ਗੁਰਮੁਖਾਂ ਦੀ ਸੰਗਤ 'ਚ (ਲਭਣੰ) ਲੱਭਦੇ ਹਨ।

ਲਿਖ-ਣਹ: ਪੋਲਾ ਬੋਲੋ- ਨਾਨਕ. ਹਰਿ ਪੂਰਬਿ ਲਿਖਣਹ॥੧੫॥

(ਨਾਨਕ) ;ਗੁਰੁ ਅਰਜੁਨੁ ਪਰਤਖੵ ਹਰਿ॥ ਜੀ ਫੁਰਮੌਂਦੇ ਹਨ:- ਜਿਸ 'ਤੇ (ਹਰਿ) ਸੱਚੇ ਵਾਹਿਗੁਰੂ ਜੀ ਮੇਹਰ ਦੀ ਨਿਗ੍ਹਾ ਪੌਂਦੇ ਹਨ, ਉਸ ਦੇ ਮੱਥੇ ਅਥਵਾ ਅੰਤਹਕਰਨ ਮੱਥੇ 'ਤੇ (ਪੂਰਬਿ) ਪਹਿਲਾਂ ਪ੍ਰਾਪਤੀ ਦੇ ਲੇਖ (ਲਿਖਣਹ) ਲਿਖਦੇ ਹਨ, ਉਸ ਨੂੰ ਸੱਚੇ ਵਾਹਿਗੁਰੂ ਜੀ ਪ੍ਰਾਪਤ ਹੁੰਦੇ ਹਨ।

ਭੁ-ਯੰਗੰ: ਯੰ ਤਾਲੂ ਤੋਂ ਬੋਲੋ- ਦਸਨ ਬਿਹੂਨ, ਭੁਯੰਗੰ; ਮੰਤ੍ਰੰ ਗਾਰੁੜੀ. ਨਿਵਾਰੰ॥

ਬ੍ਯਾਧਿ: ਬਿਆਧਿ ਬ੍ਯਾਧਿ ਉਪਾੜਣ ਸੰਤੰ॥

ਸਤਿਗੁਰੂ ਸਾਹਿਬ ਜੀ, ਸਾਕਤ ਰੂਪੀ (ਭੁਯੰਗੰ) ਸੱਪ ਨੂੰ ਗੁਰਬਾਣੀ ਕਥਾ ਕੀਰਤਨ ਰੂਪ ਗਾਰੁੜੀ (ਮੰਤ੍ਰੰ) ਮੰਤ੍ਰ ਸੁਣਾ ਕੇ, ਔਗੁਣਾਂ ਪਾਪਾਂ ਰੂਪ (ਦਸਨ) ਦੰਦਾਂ ਤੋਂ (ਬਿਹੂਨ) ਬਿਨਾ ਕਰਕੇ, ਵਿਕਾਰ ਰੂਪੀ ਜ਼ਹਿਰ ਨੂੰ (ਨਿਵਾਰੰ) ਦੂਰ ਕਰਦੇ ਹਨ। (ਸੰਤੰ) ਸੱਚੇ ਸਤਿਗੁਰੂ ਸਾਹਿਬ ਜੀ, ਸਾਰੇ (ਬ੍ਯਾਧਿ) ਰੋਗਾਂ ਨੂੰ (ਉਪਾੜਣ) ਨਾਸ ਕਰਦੇ ਹਨ।

ਨਾਨਕ ਲਬਧ ਕਰਮਣਹ॥੧੬॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖੵ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫੁਰਮੌਂਦੇ ਹਨ:- ਪੂਰਨ ਬ੍ਰਹਮ ਸੱਚੇ ਸਤਿਗੁਰੂ ਸਾਹਿਬ ਜੀ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ (ਕਰਮਣਹ) ਕ੍ਰਿਪਾ ਅਥਵਾ (ਕਰਮਣਹ) ਭਾਗਾਂ ਨਾਲ, ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ; ਆਦਿ ਨਿਰੰਜਨੁ ਨਿਰੰਕਾਰੁ ਜੀਉ॥ ਸੱਚੇ ਵਾਹਿਗੁਰੂ ਜੀ ਸਤਸੰਗਤ ਜੀ 'ਚੋਂ (ਲਬਧ) ਲੱਭਦੇ ਹਨ। ਯਥਾ:- ਜਿਨਿ ਕਿਨੈ ਪਾਇਆ ਸਾਧਸੰਗਤੀ; ਪੂਰੈ ਭਾਗਿ ਬੈਰਾਗਿ॥

ਜਥ ਕਥ ਰਮਣੰ; ਸਰਣੰ ਸਰਬਤ੍ਰ ਜੀਅਣਹ॥ ਤਥ ਲਗਣੰ ਪ੍ਰੇਮ ਨਾਨਕ॥

## ਪਰਸਾਦੰ ਗੁਰ ਦਰਸਨਹ॥੧੭॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਰਮਣੰ) ਸੁੰਦਰ ਵਾਹਿਗੁਰੂ ਜੀ (ਜਥ) ਜਿੱਥੇ (ਕਥ) ਕਿੱਥੇ ਭਾਵ ਘਟਾਂ ਘਟਾਂ 'ਚ (ਰਮਣੰ) ਵਿਆਪਕ ਹਨ। ਸਾਰੀਆਂ ਘਟਾਂ ਸੱਚੇ ਵਾਹਿਗੁਰੂ ਜੀ ਨੂੰ (ਰਮਣੰ) ਉਚਾਰ ਰਹੇ ਹਨ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥ (ਸਰਬਤ੍ਰ) ਸਾਰੇ ਖੰਡਾਂ ਬ੍ਰਹਮੰਡਾਂ ਦੇ (ਜੀਅਣਹ) ਜੀਵ ਤਿਨ੍ਹਾਂ ਨਿਰਗੁਨ ਬ੍ਰਹਮ ਵਾਹਿਗੁਰੂ ਜੀ ਦੇ (ਸਰਣੰ) ਸਰਣ ਹਨ। ਦਾਸਨਦਾਸ ਦਾ (ਤਥ) ਤਿਨ੍ਹਾਂ ਸ੍ਰਬ ਵਿਆਪੀ ਵਾਹਿਗੁਰੂ ਜੀ ਨਾਲ ਪ੍ਰੇਮ (ਲਗਣੰ) ਲੱਗਾ ਹੈ। (ਗੁਰ) ਸਤਿਗੁਰੂ ਰਾਮਦਾਸ ਸਾਹਿਬ ਜੀ ਦੇ (ਪਰਸਾਦੰ) ਕ੍ਰਿਪਾ ਨਾਲ ਅੰਦਰ ਬਾਹਰ ਵਿਆਪਕ ਬ੍ਰਹਮ ਜੀ ਦੇ (ਦਰਸਨਹ) ਦਰਸਨ ਹੋ ਰਹੇ ਹਨ। ਯਥਾ:- ਜਲਿ ਥਲਿ ਮਹੀਅਲਿ ਪੂਰਿਆ; ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ; ਨਾਨਕ. ਏਕੰਕਾਰੁ॥੧॥

## ਚਰਣਾਰਬਿੰਦ ਮਨ ਬਿਧੰ॥

ਦਾਸਨਦਾਸ ਦਾ ਮਨ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਸੁੰਦਰ ਮਿੱਠੇ ਸੱਚੇ ਮਹਾਨ ਪਰਉਪਕਾਰੀ (ਚਰਣਾਰਬਿੰਦ) ਚਰਨਕਮਲਾਂ 'ਚ (ਬਿਧੰ) ਵਿੰਨ੍ਹਿਆ ਗਿਆ। ਯਥਾ:- ਹਰਿ ਚਰਨਕਮਲ ਮਨੁ ਬੇਧਿਆ; ਕਿਛੁ ਆਨ ਨ ਮੀਠਾ. ਰਾਮ ਰਾਜੇ॥

## ਸਿਧੰ ਸਰਬ ਕੁਸਲਣਹ॥ ਗਾਥਾ ਗਾਵੰਤਿ ਨਾਨਕ; ਭਬੰ ਪਰਾ ਪੂਰਬਣਹ॥੧੮॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- (ਪੂਰਬਣਹ) ਚੜ੍ਹਦੇ ਸੂਰਜ ਦੇ ਪ੍ਰਤਾਪ ਵਾਲੇ, (ਪਰਾ) ਨਿਰਲੇਪ ਬ੍ਰਹਮ ਜੀ ਦੀ ਵਿਸਮਾਦ ਅਸਚਰਜ ਚਹੋਂ ਚੱਕਾਂ ਨੂੰ ਪ੍ਰਕਾਸ਼ਣ ਵਾਲੀ (ਗਾਥਾ) ਕਥਾ ਨੂੰ ਦਾਸਨਦਾਸ ਦਿਨ ਰਾਤ (ਗਾਵੰਤਿ) ਗੌਂਦਾ (ਭਬੰ) ਹੈ। ਜਿਸ ਕਰਕੇ ਦਾਸਨਦਾਸ ਨੂੰ (ਸਰਬ) ਸਾਰੇ (ਕੁਸਲਣਹ) ਸੁਖ (ਸਿਧੰ) ਪ੍ਰਾਪਤ ਹੋਏ ਹਨ।

ਯਥਾ:- ਸਰਬ ਸੁਖਾ; ਗੁਰ ਚਰਨਾ॥ ਕਲਿਮਲ ਡਾਰਨ. ਮਨਹਿ ਸਧਾਰਨ; ਇਹ ਆਸਰ ਮੋਹਿ ਤਰਨਾ॥੧॥ਰਹਾਉ॥

ਸੁਭ ਬਚਨ ਰਮਣੰ; ਗਵਣੰ ਸਾਧਸੰਗੇਣ, ਉਧਰਣਹ॥
ਸੰਸਾਰ ਸਾਗਰੰ ਨਾਨਕ; ਪੁਨਰਪਿ ਜਨਮ. ਨ ਲਭ੍ਯਤੇ॥੧੯॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਹੜੇ ਗੁਰਮੁਖਿ ਜਨ (ਸਾਧਸੰਗੇਣ) ਸਾਧਸੰਗਤ ’ਚ (ਗਵਣੰ) ਜਾ ਕੇ (ਸੁਭ) ਸ੍ਰੇਸ਼ਟ (ਬਚਨ) ਗੁਰਬਾਣੀ ਵਾਹਿਗੁਰੂ ਗੁਰਮੰਤ੍ਰ (ਰਮਣੰ) ਉਚਾਰਦੇ ਹਨ। ਉਹ ਗੁਰਮੁਖਿ ਸੰਸਾਰ ਅਗਨ (ਸਾਗਰੰ) ਸਮੁੰਦ੍ਰ ਤੋਂ (ਉਧਰਣਹ) ਤਰ ਜਾਂਦੇ ਹਨ। ਯਥਾ:- ਸੰਸਾਰ ਸਾਗਰ ਤੇ ਉਧਰੇ; ਬਿਖਿਆ ਗੜੁ ਜਿਤਾ॥ ਜਿਸ ਕਰਕੇ (ਪੁਨਰਪਿ) ਦੁਬਾਰਾ ਜਨਮ (ਨ) ਨਹੀਂ (ਲਭ੍ਯਤੇ) ਲੱਭਦਾ, ਭਾਵ ਜਨਮ ਮਰਨ ਮਿਟ ਜਾਂਦਾ ਹੈ। ਬੂੰਦ ਦੇ ਸਮੁੰਦ੍ਰ ’ਚ ਮਿਲਣ ਵਾਂਗ, ਵਿਆਪਕ ਬ੍ਰਹਮ ਜੀ ’ਚ ਲੀਨ ਹੋ ਜਾਂਦੇ ਹਨ। ਯਥਾ:- ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥) ਕਬੀਰ. ਭਲੀ ਭਈ ਜੋ ਭਉ ਪਰਿਆ; ਦਿਸਾ ਗਈਂ ਸਭ ਭੂਲਿ॥ ਓਰਾ ਗਰਿ. ਪਾਨੀ ਭਇਆ; ਜਾਇ ਮਿਲਿਓ, ਢਲਿ ਕੂਲਿ॥੧੭੭॥

ਬੇਦ ਪੁਰਾਣ ਸਾਸਤ੍ਰ ਬੀਚਾਰੰ॥ ਏਕੰਕਾਰ; ਨਾਮ ਉਰ ਧਾਰੰ॥

ਸੱਚੇ ਨਾਮ ਦਾਤੇ ਸਤਿਗੁਰੂ ਵਾਹਿਗੁਰੂ ਸਾਹਿਬ ਜੀ ਦਾ ਸੱਚਾ ਹੁਕਮ ਹੈ, ਕਿ ਬੇਦ ਪੁਰਾਣ ਸਾਸਤ੍ਰ ਦੀ (ਬੀਚਾਰੰ) ਵੀਚਾਰ ਇਹ ਹੈ, ਜੋ (ਏਕੰਕਾਰ) ਪਰਮਪੂਜਨੀਕ ਸੱਚੇ ਵਾਹਿਗੁਰੂ ਜੀ ਦੇ (ਨਾਮ) ਗੁਰਬਾਣੀ ਜੀ ਨੂੰ (ਉਰ) ਰਿਦੇ ’ਚ (ਧਾਰੰ) ਧਾਰਨ ਕਰਨੇ ਹਨ। ਭਾਵ ਬੇਦ ਪੁਰਾਣ ਪੜ੍ਹਨ ਦੀ ਲੋੜ ਨਹੀਂ। ਯਥਾ:- ਬੇਦ ਕਤੇਬ ਬਿਖੈ; ਹਰਿ ਨਾਹੀ॥ ਜਾਨ ਲੇਹੁ ਹਰਿ ਜਨ; ਮਨ ਮਾਹੀ॥) ਜਿਨ ਮਤ; ਬੇਦ ਕਤੇਬਨ ਤਿਆਗੀ॥ ਪਾਰਬ੍ਰਹਮ ਕੇ; ਭਏ ਅਨੁਰਾਗੀ॥) ਬੇਦ ਪੁਰਾਨ; ਸਿੰਮ੍ਰਿਤਿ ਸੁਧਾਖ੍ਯਰ॥ ਕੀਨੇ ਰਾਮ ਨਾਮ; ਇਕ ਆਖ੍ਯਰ॥) ਬੇਦ ਕਤੇਬ ਇਫਤਰਾ ਭਾਈ; ਦਿਲ ਕਾ ਫਿਕਰੁ. ਨ ਜਾਇ॥ ਟੁਕੁ ਦਮੁ ਕਰਾਰੀ. ਜਉ ਕਰਹੁ; ਹਾਜਿਰ ਹਜੂਰਿ ਖੁਦਾਇ॥੧॥

ਕੁਲਹ ਸਮੂਹ; ਸਗਲ ਉਧਾਰੰ॥ ਬਡਭਾਗੀ ਨਾਨਕ; ਕੋ ਤਾਰੰ॥੨੦॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਨ੍ਹਾਂ ਗੁਰਮੁਖਾਂ ਦੇ ਰਿਦੇ 'ਚ ਗੁਰਬਾਣੀ ਜੀ ਵਸ ਜਾਂਦੇ ਹਨ, ਉਹ ਅਪਣੀਆਂ (ਸਮੂਹ) ਸਾਰੀਆਂ (ਕੁਲਹ) ਕੁਲਾਂ ਅਤੇ (ਸਗਲ) ਸਾਰੇ ਸਤਿਸੰਗੀਆਂ ਨੂੰ ਭੀ (ਉਧਾਰੰ) ਉਧਾਰ ਦਿੰਦੇ ਹਨ ਭਾਵ ਮੁਕਤ ਕਰ ਦਿੰਦੇ ਹਨ। ਯਥਾ:- ਹਰਿ ਜਨ; ਸਗਲ ਉਧਾਰੇ ਸੰਗ ਕੇ॥ ਗੁਰੂ ਜੀ ਦੀ ਕ੍ਰਿਪਾ ਨਾਲ (ਕੋ) ਕੋਈ ਵਿਰਲੇ, ਭਗਤ ਕਬੀਰ ਸਾਹਿਬ ਜੀ, ਭਗਤ ਰਵਿਦਾਸ ਸਾਹਿਬ ਜੀ ਵਾਂਗ ਬਡਭਾਗੀ ਗੁਰਮੁਖਿ ਜਨ ਹਨ, ਜੋ ਸੰਸਾਰ ਨੂੰ (ਤਾਰੰ) ਤਾਰ ਲੈਂਦੇ ਹਨ। ਯਥਾ:- ਜੋ ਜਾਨੈ; ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ; ਲਏ ਪ੍ਰਭੁ ਸੋਇ॥ ਓਹੁ ਧਨਵੰਤੁ. ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ; ਜਿਸੁ ਰਿਦੈ ਭਗਵੰਤੁ॥ ਧੰਨੁ ਧੰਨੁ; ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ; ਸਭੁ ਜਗਤੁ ਤਰਾਇਆ॥ ਜਨ ਆਵਨ ਕਾ; ਇਹੈ ਸੁਆਉ॥ ਜਨ ਕੈ ਸੰਗਿ; ਚਿਤਿ ਆਵੈ ਨਾਉ॥ ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ॥ ਨਾਨਕ. ਤਿਸੁ ਜਨ ਕਉ; ਸਦਾ ਨਮਸਕਾਰੁ॥ ਗੁਰੂ ਸਿਮਰਨ ਕਰਨ ਵਾਲੇ ਪ੍ਰੇਮੀ ਗੁਰਮੁਖਿ ਜਨ ਸੇਵਕਾਂ ਦੀ, ਦਾਸਨਦਾਸ ਚਰਨ-ਧੂੜ ਮੰਗਦਾ ਹੈ। ਯਥਾ:- ਸਿਮਰਨ. ਤੇ ਲਾਗੇ; ਜਿਨ ਆਪਿ ਦਇਆਲਾ॥ ਨਾਨਕ. ਜਨ ਕੀ; ਮੰਗੈ ਰਵਾਲਾ॥

ਉ-ਧਰਣੰ- ਸਿਮਰਣੰ ਗੋਬਿੰਦ ਨਾਮੰ; ਉਧਰਣੰ ਕੁਲ ਸਮੂਹਣਹ॥

ਪਰਮਪੂਜਨੀਕ (ਗੋਬਿੰਦ) ਵਾਹਿਗੁਰੂ ਜੀ ਦੇ ਪਰਮਪਵਿੱਤ੍ਰ (ਨਾਮੰ) ਨਾਮ (ਸਿਮਰਣੰ) ਸਿਮਰਨ ਕਰਨ ਨਾਲ, ਗੁਰਮੁਖਿ ਗੁਰਸੇਵਕ ਜੀ ਅਪਣੀਆਂ (ਸਮੂਹਣਹ) ਸਾਰੀਆਂ (ਕੁਲ) ਕੁਲਾਂ (ਉਧਰਣੰ) ਉਧਾਰ ਲੈਂਦੇ ਹਨ। ਯਥਾ:- ਨਾਮੇ; ਸਗਲੇ ਕੁਲ ਉਧਰੇ॥

ਲਬਧਿਅੰ ਸਾਧਸੰਗੇਣ, ਨਾਨਕ; ਵਡਭਾਗੀ ਭੇਟੰਤਿ ਦਰਸਨਹ॥੨੧॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਹ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਸੱਚੇ ਵਾਹਿਗੁਰੂ ਜੀ, ਸੱਚੀ (ਸਾਧਸੰਗੇਣ) ਸਾਧਸੰਗਤ ਜੀ 'ਚ (ਲਬਧਿਅੰ) ਲੱਭਦੇ ਹਨ। ਵਡਭਾਗੀ ਸਾਧਸੰਗੁ ਪਰਾਪਤਿ; ਤਿਨ ਭੇਟਤ ਦੁਰਮਤਿ ਖੋਈ॥ ਅਨੁਸਾਰ (ਵਡਭਾਗੀ) ਵੱਡੇ ਭਾਗਾਂ ਵਾਲੇ ਗੁਰਮੁਖਿ ਗੁਰਸੇਵਕ ਜੀ ਸਾਧਸੰਗਤ ਜੀ ਪ੍ਰਾਪਤ ਕਰਦੇ ਹਨ। ਸਾਧਸੰਗਤ ਜੀ ਦੀ ਸੇਵਾ, ਚਰਨ ਧੂੜਿ

ਬਣ ਕੇ (ਵਡਭਾਗੀ) ਵੱਡੇ ਭਾਗਾਂ ਵਾਲੇ ਗੁਰਮੁਖਿ ਗੁਰਸੇਵਕ ਜੀ ਨੂੰ ਸੱਚੇ ਵਾਹਿਗੁਰੂ ਜੀ ਦੇ ਸੁੰਦਰ (ਦਰਸਨਹ) ਦਰਸਨ (ਭੇਟੰਤਿ) ਮਿਲਦੇ ਹਨ।

ਸਰਬ ਦੋਖ ਪਰੰਤਿਆਗੀ; ਸਰਬ ਧਰਮ ਦ੍ਰਿੜੰਤਣਃ॥

ਜਿਨ੍ਹਾਂ ਗੁਰਸੇਵਕਾਂ ਨੇ ਪੂਰਨ ਸਤਿਗੁਰੂ ਸਾਹਿਬ ਜੀ ਦੇ ਉਪਦੇਸ ਦੁਆਰਾ ਸਰਬ ਸ਼੍ਰੋਮਣੀ ਸਿੱਖੀ ਧਰਮ ਵਿਸ਼ੇਸ਼ ਕਰਕੇ (ਦ੍ਰਿੜੰਤਣਃ) ਦ੍ਰਿੜ੍ਹ ਕਰਦੇ ਹਨ। ਭਾਵੇਂ ਸ੍ਰੀਰ ਆਰੇ ਨਾਲ ਚੀਰਿਆ ਜਾਵੇ, ਬੰਦ ਬੰਦ ਕੱਟੇ ਜਾਣ ਪਰ ਸਿੱਖੀ ਧਰਮ 'ਚ ਦ੍ਰਿੜ੍ਹ ਪ੍ਰਪੱਕ ਰਹਿੰਦੇ ਹਨ। ਉਹ ਜਨ (ਸਰਬ) ਸਾਰੇ (ਦੋਖ) ਦੂਸਣ ਔਗੁਣ ਵਿਕਾਰ ਦੇ (ਪਰੰ+ਤਿਆਗੀ) (ਪਰੰ) ਵਿਸ਼ੇਸ਼ ਕਰਕੇ ਤਿਆਗੀ ਸਨਮੁਖ ਸ਼ਹੀਦ ਅਰਮ ਅਬਿਨਾਸੀ ਬ੍ਰਹਮ ਸਰੂਪ ਹਨ।

ਲਬਧੇਣਿ ਸਾਧਸੰਗੇਣਿ; ਨਾਨਕ. ਮਸਤਕਿ ਲਿਖ੍ਣਃ॥੨੨॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਜਿਸ ਗੁਰਸਿੱਖ ਦੇ ਮਸਤਕਿ 'ਤੇ ਕਰਮ ਬਖ਼ਸ਼ਿਸ਼ ਦੇ ਲੇਖ (ਲਿਖ੍ਣਃ) ਲਿਖੇ ਹੋਏ ਹਨ। ਉਹ ਸਾਚਾ ਨਾਵਣੁ; ਗੁਰ ਕੀ ਸੇਵਾ॥੧॥ਰਹਾਉ॥ ਕਰਕੇ (ਸਾਧਸੰਗੇਣਿ) ਸ੍ਰੇਸਟ ਦਸ ਸਤਿਗੁਰੂ ਸਾਹਿਬਾਨ ਜੀ ਅਥਵਾ ਮਹਾਂਪੁਰਖਾਂ ਜੀ ਦੀ ਸੁਸੰਗਤ 'ਚ ਸ੍ਰਬ ਵਿਆਪੀ ਵਾਹਿਗੁਰੂ ਜੀ ਨੂੰ (ਲਬਧੇਣਿ) ਲੱਭਦੇ ਹਨ। ਉਹ ਥੋੜਾ ਖਾਂਦੇ, ਸੌਂਦੇ, ਮਿੱਠਾ ਬੋਲਦੇ, ਸਭ ਦੀ ਚਰਨ ਧੂੜਿ ਬਣਦੇ ਹਨ। ਯਥਾ:- ਜਬ ਇਹੁ ਹੂਆ; ਸਗਲ ਕੀ ਰੀਨਾ॥ ਤਾ ਤੇ ਰਮਈਆ; ਘਟਿ ਘਟਿ ਚੀਨਾ॥੧॥) ਪਉੜੀ॥ ਸੇਵ ਕੀਤੀ. ਸੰਤੋਖੀਈਂ; ਜਿਨ੍ਹੀ. ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ. ਨ ਰਖਿਓ; ਕਰਿ ਸੁਕ੍ਰਿਤੁ. ਧਰਮੁ ਕਮਾਇਆ॥ ਓਨ੍ਹੀ. ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥ ਤੂੰ ਬਖਸੀਸੀ ਅਗਲਾ; ਨਿਤ ਦੇਵਹਿ. ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥੭॥

ਹੋਯੋ ਹੈ ਹੋਵੰਤੋ; ਹਰਣ ਭਰਣ ਸੰਪੂਰਣਃ॥

(ਸੰਪੂਰਣਃ) ਤੁਮ ਪੂਰਨ. ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥

ਅਬਿਨਾਸੀ ਅਚੱਲ ਵਾਹਿਗੁਰੂ ਜੀ ਗੁਰਸੇਵਕ ਦੇ ਔਗੁਣ ਪਾਪਾਂ ਨੂੰ (ਹਰਣ) ਨਾਸ ਕਰਨ ਅਤੇ ਅੰਮ੍ਰਿਤ ਨਾਮ ਬਖ਼ਸ਼ ਕੇ ਭਰਣ ਵਾਲੇ ਹਨ। ਯਥਾ:- ਸੁਭਰ ਭਰੇ. ਨ ਹੋਵਹਿ ਊਣੇ; ਜੋ ਰਾਤੇ ਰੰਗੁ ਲਾਈ ਰੇ॥) ਹਰਨ

ਭਰਨ; ਜਾ ਕਾ ਨੇਤ੍ਰ ਫੇਰੁ॥ ਤਿਸ ਕਾ ਮੰਤ੍ਰੁ; ਨ ਜਾਨੈ ਹੋਰੁ॥ ਅਥਵਾ ਬਿਅੰਤ ਬ੍ਰਹਮੰਡ ਦੀ ਰਚਨਾ ਨੂੰ (ਹਰਣ) ਨਾਸ ਕਰਨ ਵਾਲੇ ਅਤੇ ਰੋਜ਼ੀ ਆਦਿ ਬਿਅੰਤ ਦਾਤਾਂ ਨਾਲ ਭਰਣ ਵਾਲੇ ਹਨ। ਯਥਾ:- ਉਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥ (ਹੋਯੋ) ਪਿਛਲੇ ਸਮੇਂ (ਹੈ) ਵਰਤਮਾਨ (ਪਰਇਸਇਨਟ) ਸਮੇਂ ਅਤੇ (ਹੋਵੰਤੋ) ਔਣ ਵਾਲੇ ਸਮੇਂ 'ਚ ਅਜਪਾ ਜਾਪ ਸੱਚ ਸਰੂਪ ਹੋਣਗੇ। ਯਥਾ:- ਆਦਿ ਪੂਰਨ. ਮਧਿ ਪੂਰਨ; ਅੰਤਿ ਪੂਰਨ ਪਰਮੇਸੁਰਹ॥) ਆਦਿ ਸਚੁ; ਜੁਗਾਦਿ ਸਚੁ॥ਹੈ ਭੀ ਸਚੁ; ਨਾਨਕ ਹੋਸੀ ਭੀ ਸਚੁ॥੧॥

ਸਾਧੂ ਸਤਮ ਜਾਣੋ; ਨਾਨਕ. ਪ੍ਰੀਤਿ ਕਾਰਣੰ॥੨੩॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਹੇ ਸਤਸੰਗੀਓ! (ਸਾਧੂ) ਸਤਿਗੁਰੂ ਸਾਹਿਬ ਜੀ ਨੂੰ ਅਬਿਨਾਸੀ (ਸਤਮ) ਸੱਚ ਸਰੂਪ (ਜਾਣੋ) ਜਾਨਣਾ ਕਰੋ, ਜਿਹੜੇ ਗੁਰੂ ਅਵਤਾਰ 'ਚ ਸਿੱਖ ਦੀ ਅਕਾਲ ਪੁਰਖ ਵਾਹਿਗੁਰੂ ਜੀ ਨਾਲ ਸੱਚੀ (ਪ੍ਰੀਤਿ) ਪ੍ਰੀਤੀ ਲੈਂਣ ਦਾ (ਕਾਰਣੰ) ਕਾਰਨ ਹਨ, ਜੋ ਜੁੱਗ ਜੁੱਗ ਟੁੱਟਦੀ ਨਹੀਂ। ਯਥਾ:- ਸਾਚੀ ਪ੍ਰੀਤਿ. ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥੬॥) ਆਪੇ ਲਾਇਓ; ਅਪਨਾ ਪਿਆਰੁ॥ ਸਦਾ ਸਦਾ ਤਿਸੁ ਗੁਰ ਕਉ; ਕਰੀ ਨਮਸਕਾਰੁ॥੭॥

ਸੁਖੇਣ ਬੈਣ ਰਤਨੰ; ਰਚਨੰ ਕਸੁੰਭ ਰੰਗਣਃ॥

ਮਨਮੁਖ ਸੰਸਾਰਕ, ਵਿਕਾਰੀ (ਬੈਣ) ਬਚਨ, ਗਾਣਿਆਂ ਨੂੰ (ਸੁਖੇਣ) ਸੁਖਦਾਇਕ ਜਾਣ ਕੇ (ਰਤਨੰ) ਪ੍ਰੀਤੀ ਕਰਦਾ ਹੈ। ਕਸੁੰਭ ਦੇ (ਰੰਗਣਃ) ਰੰਗ ਵਾਂਗ (ਰਚਨੰ) ਰਚਨਾ ਅਤੇ ਵਿਕਾਰੀ ਬਚਨ ਗਾਣੇ ਝੂਠੇ ਨਾਸਵੰਤ ਜ਼ਹਿਰ ਹਨ।

ਰੋਗ ਸੋਗ ਬਿਓਗੰ; ਨਾਨਕ. ਸੁਖੁ ਨ. ਸੁਪਨਹ॥੨੪॥

(ਨਾਨਕ) ਅਜਪਾ ਜਾਪ ਸੱਚੇ ਨਾਮ ਦੇ ਸੱਚੇ ਦਾਤੇ, ਸਮਰੱਥ ਸੁਆਮੀ, ਅਨਤ ਕਲਾ ਹੋਇ ਠਾਕੁਰੁ ਚੜਿਆ॥ ਪਾਰਬ੍ਰਹਮ ਨਿਰੰਕਾਰ, ਸਤਿਕਰਤਾਰ ਸਰੂਪ, ਪਰਮਪੂਜਨੀਕ ਸ਼ਹੀਦਾਂ ਦੇ ਸਿਰਤਾਜ ;ਗੁਰੁ ਅਰਜੁਨੁ ਪਰਤਖ੍ਯ ਹਿਰ॥) ਕਲਜੁਗਿ ਜਹਾਜੁ ਅਰਜੁਨੁ ਗੁਰੂ; ਸਤਿਗੁਰੂ ਅਰਜਨਦੇਵ ਸਾਹਿਬ ਜੀ ਫ਼ੁਰਮੌਂਦੇ ਹਨ:- ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਰੋਗ, ਵਾਹਿਗੁਰੂ ਜੀ ਦੇ (ਬਿਓਗੰ) ਵੇਛੋੜੇ ਦਾ ਸੋਗ ਲੱਗਦਾ

ਹੈ। (ਸੁਪਨਹ) ਸੁਪਨੇ 'ਚ ਭੀ ਸੁਖੁ ਪ੍ਰਾਪਤ (ਨ) ਨਹੀਂ ਹੁੰਦਾ। ਯਥਾ:- ਵਿਣੁ ਸਤਿਗੁਰ. ਪਰਤੀਤਿ ਨ ਆਵਈ; ਨਾਮਿ. ਨ ਲਾਗੋ ਭਾਉ॥ ਸੁਪਨੈ. ਸੁਖੁ ਨ ਪਾਵਈ; ਦੁਖ ਮਹਿ ਸਵੈ ਸਮਾਇ॥੨॥) ਸੁਪਨੈ ਸੁਖੁ. ਨ ਦੇਖਨੀ; ਬਹੁ ਚਿੰਤਾ ਪਰਜਾਲੇ॥੩॥

ਗੁਰਪ੍ਰਸਾਦਿ ਗੁਰਪ੍ਰਸਾਦਿ ਗੁਰਪ੍ਰਸਾਦਿ ਗੁਰਪ੍ਰਸਾਦਿ ਗੁਰਪ੍ਰਸਾਦਿ ਸ੍ਰੀ ਗਾਥਾ ਸੰਪੂਰਨੰ ਜੀ ਰਾਮ ਜੀ!